ਰੋਜ਼ਾਨਾ ਸੱਚ ਤੇ ਨਿਡਰ ਆਵਾਜ਼
ਲੋਕ ਬਾਣੀ
ਵੀਰਵਾਰ, 9 ਸਿਤੰਬਰ 2021




# ਕਿਰਦਾਰ ਨੂੰ ਉੱਚਾ ਕਰਦਾ ਹੈ

# ਮਿੱਠਾ ਬੋਲਣਾ

**ਸਾਡੇ ਵੱਲੋਂ ਬੋਲੇ ਜਾ ਰਹੇ ਲਫ਼ਜ਼ਾਂ ਅਤੇ ਸਾਡੇ ਲਹਿਜੇ ਤੋਂ ਸਾਡੇ ਸਾਰੇ ਕਿਰਦਾਰ ਦਾ ਅੰਦਾਜ਼ਾ ਝੱਟ ਹੀ ਲੱਗ ਜਾਂਦਾ ਹੈ। ਜੇਕਰ ਸਾਡੇ ਬੋਲ ਸਹੀ ਵੀ ਹਨ ਪਰ ਲਹਿਜੇ ਵਿਚ ਮਿਠਾਸ ਨਹੀਂ ਤਾਂ ਅਸੀਂ ਉਹ ਪ੍ਰਭਾਵ ਦੂਜੇ ਵਿਅਕਤੀ ਉੱਤੇ ਨਹੀਂ ਪਾ ਸਕਦੇ ਜੋ ਨਿਮਰਤਾ ਸਹਿਤ ਗੱਲ ਕਰਨ ਵਾਲਾ, ਥੋੜ੍ਹੇ ਸ਼ਬਦਾਂ ਵਿਚ ਆਪਣੀ ਗੱਲ ਸਮਝਾਉਣ ਵਾਲਾ ਅਤੇ ਮਿੱਠਾ ਬੋਲਣ ਵਾਲਾ ਵਿਅਕਤੀ ਪਾ ਸਕਦਾ ਹੈ।**

ਭਾਵੇਂ ਕਿ ਸਾਡੇ ਚੰਗੇ ਮੰਦੇ ਹੋਣ ਦਾ ਅੰਦਾਜ਼ਾ ਜ਼ਿਆਦਾਤਰ ਸਾਡੇ ਕੱਪੜੇ ਪਹਿਨਣ ਦੇ ਸਲੀਕੇ ਤੋਂ ਹੀ ਲਗਾ ਲਿਆ ਜਾਂਦਾ ਹੈ ਜਾਂ ਸਾਡੀ ਸੱਭਿਅਤਾ ਵਿਚ ਕਿਸੇ ਦੇ ਰੰਗ ਰੂਪ ਤੋਂ ਹੀ ਕਿਸੇ ਵਿਅਕਤੀ ਵਿਸ਼ੇਸ਼ ਬਾਰੇ ਮਨਮਰਜ਼ੀ ਦੇ ਅੰਦਾਜ਼ੇ ਭਾਵੇਂ ਕਿ ਸਾਡੇ ਚੰਗੇ ਮੰਦੇ ਹੋਣ ਦਾ ਅੰਦਾਜ਼ਾ ਜ਼ਿਆਦਾਤਰ ਸਾਡੇ ਕੱਪੜੇ ਪਹਿਨਣ ਦੇ ਸਲੀਕੇ ਤੋਂ ਹੀ ਲਗਾ ਲਿਆ ਜਾਂਦਾ ਹੈ ਜਾਂ ਸਾਡੀ ਸੱਭਿਅਤਾ ਵਿਚ ਕਿਸੇ ਦੇ ਰੰਗ ਰੂਪ ਤੋਂ ਹੀ ਕਿਸੇ ਵਿਅਕਤੀ ਵਿਸ਼ੇਸ਼ ਬਾਰੇ ਮਨਮਰਜ਼ੀ ਦੇ ਅੰਦਾਜ਼ੇ ਲਗਾ ਲਏ ਜਾਂਦੇ ਹਨ। ਪਰ ਇਹ ਅਟੱਲ ਸੱਚਾਈ ਹੈ ਕਿ ਜਦੋਂ ਇਕ ਵਿਅਕਤੀ ਦੀ ਦੂਜੇ ਵਿਅਕਤੀ ਨਾਲ ਸਾਂਝ ਪੈਂਦੀ ਹੈ ਤਾਂ ਸਭ ਤੋਂ ਪਹਿਲਾ ਪ੍ਰਭਾਵ ਸਾਡੀ ਬੋਲ ਬਾਣੀ ਤੋਂ ਪੈਂਦਾ ਹੈ। ਸਾਡੇ ਵੱਲੋਂ ਬੋਲੇ ਜਾ ਰਹੇ ਲਫ਼ਜ਼ਾਂ ਅਤੇ ਸਾਡੇ ਲਹਿਜੇ ਤੋਂ ਸਾਡੇ ਸਾਰੇ ਕਿਰਦਾਰ ਦਾ ਅੰਦਾਜ਼ਾ ਝੱਟ ਹੀ ਲੱਗ ਜਾਂਦਾ ਹੈ। ਜੇਕਰ ਸਾਡੇ ਬੋਲ ਸਹੀ ਵੀ ਹਨ ਪਰ ਲਹਿਜੇ ਵਿਚ ਮਿਠਾਸ ਨਹੀਂ ਤਾਂ ਅਸੀਂ ਉਹ ਪ੍ਰਭਾਵ ਦੂਜੇ ਵਿਅਕਤੀ ਉੱਤੇ ਨਹੀਂ ਪਾ ਸਕਦੇ ਜੋ ਨਿਮਰਤਾ ਸਹਿਤ ਗੱਲ ਕਰਨ ਵਾਲਾ, ਥੋੜ੍ਹੇ ਸ਼ਬਦਾਂ ਵਿਚ ਆਪਨੀ ਗੱਲ ਸਮਝਾਉਣ ਵਾਲਾ ਅਤੇ ਮਿੱਠਾ ਬੋਲਣ ਵਾਲਾ ਵਿਅਕਤੀ ਪਾ ਸਕਦਾ ਹੈ। ਸਾਡੇ ਜੀਵਨ ਵਿਚ ਸ਼ੁਭ ਗੁਣਾਂ ਦਾ ਹੋਣਾ ਬਹੁਤ ਜ਼ਰੂਰੀ ਹੈ, ਇਨ੍ਹਾਂ ਗੁਣਾਂ ਵਿੱਚੋਂ ਹੀ ਅਹਿਮ ਗੁਣ ਹੈ ਸਾਡੇ ਬੋਲਾਂ ਦੀ ਮਿਠਾਸ ਭਾਵ ਮਿੱਠਾ ਬੋਲਣਾ। ਜੋ ਸਾਡੇ ਕਿਰਦਾਰ ਨੂੰ ਹੋਰ ਵੀ ਉੱਚਾ ਕਰਦਾ ਹੈ। ਸਾਡੀ ਬੋਲਬਾਣੀ ਤੋਂ ਹੀ ਸਾਡੇ ਖਾਨਦਾਨ, ਸਾਡੀ ਵਿਰਾਸਤ ਅਤੇ ਸੱਭਿਆਚਾਰ ਦੀ ਪਛਾਣ ਹੁੰਦੀ ਹੈ। ਇੱਥੋਂ ਤਕ ਕਿ ਗੁਰਬਾਣੀ ਵਿਚ ਵੀ ਮਨੁੱਖ ਨੂੰ ਮਿੱਠਾ ਬੋਲਣ ਦੀ ਤਾਕੀਦ ਕਰਦਿਆਂ ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ :
ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥ਅਤੇ ਨਾਲ ਹੀ ਸਮਝਾਉਂਦੇ ਹਨ ਕਿ ਕਿਸੇ ਨੂੰ ਉੱਚਾ ਜਾਂ ਫਿਕਾ ਬੋਲ ਨਹੀਂ ਬੋਲਣਾ ਚਾਹੀਦਾ, 'ਨਾਨਕ ਫਿਕੈ ਬੋਲੀਐ ਤਨੁ ਮਨੁ ਫਿਕਾ ਹੋਇ॥ ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ॥' ਭਾਵ ਜੋ ਮਨੁੱਖ ਰੁੱਖੇ ਬਚਨ ਬੋਲਦਾ ਰਹੇ, ਤਾਂ ਉਸ ਦਾ ਤਨ ਅਤੇ ਮਨ ਦੋਵੇਂ ਰੁੱਖੇ ਹੋ ਜਾਂਦੇ ਹਨ ਜਿਸ ਕਰਕੇ ਮਨੁੱਖ ਦੇ ਅੰਦਰੋਂ ਪ੍ਰੇਮ ਉੱਡ ਜਾਂਦਾ ਹੈ। ਰੁੱਖਾ ਬੋਲਣ ਵਾਲਾ ਮਨੁੱਖ ਲੋਕਾਂ ਵਿਚ ਵੀ ਰੁੱਖਾ ਅਖਵਾਉਂਦਾ ਹੈ ਅਤੇ ਫਿਰ ਲੋਕ ਵੀ ਉਸਨੂੰ ਰੁੱਖੇ ਬਚਨਾਂ ਨਾਲ ਹੀ ਯਾਦ ਕਰਦੇ ਹਨ। ਪਰ ਯਾਦ ਰਹੇ ਕੇਵਲ ਲੋਕ ਵਿਖਾਵੇ ਖ਼ਾਤਰ ਝੂਠੀ ਨਿਮਰਤਾ ਧਾਰਨ ਕਰਨੀ ਜਾਂ ਮਿੱਠਾ ਬੋਲਣਾ ਵੀ ਇਕ ਅਪਰਾਧ ਦੀ ਤਰ੍ਹਾਂ ਹੈ। ਅਜਿਹੇ ਲੋਕਾਂ ਵਾਸਤੇ ਹੀ ਲੋਕ ਕਹਾਵਤ ਹੈ, 'ਮੂੰਹ ਮੇਂ ਰਾਮ ਰਾਮ, ਬਗਲ ਮੇਂ ਛੁਰੀ।' ਇਸ ਲਈ ਸਾਨੂੰ ਇਸ ਗੱਲ ਦਾ ਅਹਿਸਾਸ ਹੋਣਾ ਚਾਹੀਦਾ ਹੈ ਕਿ ਸੰਸਾਰ ਵਿਚ ਸਮੂਹ ਜਾਤੀਆਂ ਵਿੱਚੋਂ ਮਨੁੱਖਾ ਜਾਤੀ ਹੀ ਅਜਿਹੀ ਹੈ ਜਿਸ ਕੋਲ ਸ਼ਬਦ ਭੰਡਾਰ ਹੋਣ ਦੇ ਨਾਲ ਪਰਮਾਤਮਾ ਵੱਲੋਂ ਬੋਲੀ/ਬਾਣੀ ਬਖਸ਼ਿਸ਼ ਕੀਤੀ ਹੈ, ਜਿਸ ਨਾਲ ਉਹ ਇਕ ਦੂਜੇ ਨਾਲ ਵਿਚਾਰਾਂ ਦੀ ਸਾਂਝ ਪਾ ਸਕਦਾ ਹੈ। ਗੁਰਬਾਣੀ ਸਮਝਾਉਂਦੀ ਹੈ ਕਿ, 'ਜਿਤੁ ਬੋਲਿਐ ਪਤਿ ਪਾਈਐ ਸੋ ਬੋਲਿਆ ਪਰਵਾਣੁ॥ ਫਿਕਾ ਬੋਲਿ ਵਿਗੁਚਣਾ ਸੁਣਿ ਮੂਰਖ ਮਨ ਅਜਾਣ॥' ਇਸ ਲਈ ਕੋਸ਼ਿਸ਼ ਕਰੀਏ ਕਿ ਜਦ ਵੀ ਬੋਲੀਏ, ਜਿੱਥੇ ਵੀ ਬੋਲੀਏ, ਜਿਸ ਵੀ ਹਾਲਤ ਵਿਚ ਬੋਲੀਐ, ਭਲਾ ਬੋਲੀਏ, ਚੰਗਾ ਬੋਲੀਏ ਅਤੇ ਮਿੱਠਾ ਬੋਲੀਏ।



ਲੋਕ ਬਾਣੀ ਅਖਬਾਰ ਪੋਰਟਲ ਟੀ.ਵੀਂ ਤੇ ਨਵੀਆਂ ਤੇ ਤਾਜੀਆ ਖਬਰਾਂ ਦੇਖਣ ਲਈ lokbani.com ਤੇ ਜਾਉ ਤੇ ਕਰੋ ਲਾਇਕ

ਹੈ ਕੋਈ ਖਬਰ ਤੁਹਾਡੇ ਸ਼ਹਿਰ ਮੁਹਲੇ ਪਿੰਡ ਦੀ ਸਾਨੂੰ ਲੋੜ ਹੈ ਪੰਜਾਬ ਦੇ ਹਰ ਕੋਨੇ ਤੋ ਉਸ ਖਬਰ ਦੀ ਜੋ ਹੋਵੇ ਸੱਚ ਜਿਸ ਨੂੰ ਅਸੀਂ ਪਹੁੰਚਾ ਸਕੀਏ ਪ੍ਰਸ਼ਾਸਨ ਤੱਕ ਤੁਰੰਤ ਹੋਵੇ ਕਾਰਵਾਈ ਸਾਡੇ ਪਤਰਕਾਰਾਂ ਨਾਲ ਜਾ ਮੁੱਖ ਦਫਤਰ ਨਾਲ ਜਲੰਧਰ

ਸੰਪਰਕ ਕਰੋ 9915594111 0181-2211009

ਰੋਜ਼ਾਨਾ ਸੱਚ ਤੇ ਨਿਡਰ ਆਵਾਜ਼

# ਲੋਕ ਬਾਣੀ

Email : lokbani08@gmail.com

ਵੀਰਵਾਰ, 9 ਸਿਤੰਬਰ 2021

(ਜਲੰਧਰ)

ਰੋਜ਼ਾਨਾ ਪੰਜਾਬੀ ਅਖ਼ਬਾਰ
'ਲੋਕ ਬਾਣੀ'
ਆਪ ਪੜ੍ਹੋ ਅਤੇ ਹੋਰਨਾਂ ਨੂੰ ਵੀ ਪੜ੍ਹਾਓ। ਆਪਣੇ ਨਜ਼ਦੀਕੀ ਸਟਾਲ ਅਤੇ ਹਾਕਰ ਤੋਂ ਪ੍ਰਾਪਤ ਕਰੋ ਅਤੇ ਕਿਸੇ ਕਿਸਮ ਦੀ ਪ੍ਰੇਸ਼ਾਨੀ ਲਈ ਹੇਠ ਲਿਖੇ ਨੰਬਰ 'ਤੇ ਸੰਪਰਕ ਕਰੋ।
0181-2211009

R.N.I. Punpun/29016/2008 ☆ ਸਾਲ : 14 ☆ ਅੰਕ : 220 ☆ ਮੁੱਲ : 2.00 ਰੁਪਏ ☆ ਕੁੱਲ ਪੇਜ਼ : 10 ☆ ਫੈਕਸ : 0181-2211009 ☆ M. 99155-94111

## ਭਾਰਤ ਬੰਦ ਦੀਆਂ ਤਿਆਰੀਆਂ ਪੂਰੇ ਜੋਸ਼ ਨਾਲ, ਦੇਸ਼ ਭਰ ਵਿੱਚ ਖੇਤੀਬਾੜੀ ਅੰਦੋਲਨ ਹੋਇਆ ਤੇਜ

**ਨਵੀਂ ਦਿੱਲੀ/ਲੋਕ ਬਾਣੀ**

ਸਰਕਾਰ ਵੱਲੋਂ ਕਿਸਾਨਾਂ ਦੀਆਂ ਮੰਗਾਂ ਮੰਨਣ ਤੋਂ ਇਨਕਾਰ ਕਰਨ ਤੋਂ ਬਾਅਦ ਅੱਜ ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਅਤੇ ਕਰਨਾਲ ਜਲ੍ਹਿਾ ਪ੍ਰਸਾਸਨ ਦਰਮਿਆਨ ਗੱਲਬਾਤ ਅਸਫਲ ਹੋ ਗਈ। ਇਸ ਦੌਰਾਨ ਕਿਸਾਨ ਆਗੂਆਂ ਨੇ ਕਿਹਾ ਕਿ, "ਅਸੀਂ ਸਹੀਦ ਸੁਸੀਲ ਕਾਜਲ ਦੇ ਕਤਲ ਲਈ ਇਨਸਾਫ ਲਈ ਦ੍ਰਿੜ ਹਾਂ। ਜਦੋਂ ਤੱਕ ਐੱਸ.ਡੀ.ਐੱਮ. ਆਯੂਸ ਸਿਨਹਾ ਨੂੰ ਮੁਅੱਤਲ ਨਹੀਂ ਕੀਤਾ ਜਾਂਦਾ ਅਤੇ ਮੁਆਵਜਾ ਨਹੀਂ ਦਿੱਤਾ ਜਾਂਦਾ, ਘੇਰਾ ਜਾਰੀ ਰਹੇਗਾ।" ਕੱਲ੍ਹ ਕਰਨਾਲ ਅਨਾਜ ਮੰਡੀ ਵਿੱਚ ਕਿਸਾਨ ਮਹਾਪੰਚਾਇਤ ਅਤੇ ਜਲ੍ਹਿਾ ਪ੍ਰਸਾਸਨ ਦਰਮਿਆਨ ਹੋਈ ਅਸਫਲ ਗੱਲਬਾਤ ਤੋਂ ਬਾਅਦ ਕਿਸਾਨਾਂ ਨੇ ਮਿੰਨੀ ਸਕੱਤਰੇਤ ਵੱਲ ਮਾਰਚ ਕੱਢਿਆ। ਰਸਤੇ ਵਿੱਚ ਕਈ ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਨੂੰ ਹਿਰਾਸਤ ਵਿੱਚ ਲਿਆ ਗਿਆ ਅਤੇ ਬਾਅਦ ਵਿੱਚ ਜਦੋਂ ਕਿਸਾਨ ਇਕੱਠੇ ਹੋਣ ਲੱਗੇ ਤਾਂ ਰਿਹਾਅ ਕਰ ਦਿੱਤਾ ਗਿਆ। ਸਾਮ ਕਰੀਬ 7.30 ਵਜੇ ਕਿਸਾਨ ਮਿੰਨੀ ਸਕੱਤਰੇਤ ਪਹੁੰਚੇ ਅਤੇ ਘਿਰਾਓ ਸੁਰੂ ਕਰ ਦਿੱਤਾ। ਕਈ ਮੋਰਚਾ ਆਗੂਆਂ ਸਮੇਤ ਹਜਾਰਾਂ ਕਿਸਾਨਾਂ ਨੇ ਮਿੰਨੀ ਸਕੱਤਰੇਤ ਦੇ ਸਾਹਮਣੇ ਸੜਕ 'ਤੇ ਰਾਤ ਬਿਤਾਈ। ਅੱਜ ਕੇਂਦਰ ਸਰਕਾਰ ਨੇ "ਐੱਮ.ਐੱਸ.ਪੀ. ਵਿੱਚ ਹੁਣ ਤੱਕ ਦਾ ਸਭ ਤੋਂ ਵੱਡਾ ਵਾਧਾ", "ਕਿਸਾਨਾਂ ਲਈ ਅਸਾਧਾਰਣ ਕਿਰਪਾ", ਆਦਿ ਦੇ ਬਿਆਨ ਦੇ ਨਾਲ ਹਾੜੀ ਦੀਆਂ ਫਸਲਾਂ ਲਈ ਐੱਮ.ਐੱਸ.ਪੀ. ਦਾ ਐਲਾਨ ਕੀਤਾ। ਹਾਲਾਂਕਿ, ਤੱਥ ਇਹ ਹੈ ਕਿ ਸਰਕਾਰ ਨੇ ਅਸਲ ਵਿੱਚ ਹਾੜੀ ਦੀਆਂ ਫਸਲਾਂ ਦੇ ਘੱਟੋ ਘੱਟ ਸਮਰਥਨ ਮੁੱਲ ਨੂੰ ਘਟਾ ਦਿੱਤਾ ਹੈ। ਜਦੋਂ ਕਿ ਪ੍ਰਚੂਨ ਮਹਿੰਗਾਈ 6% ਹੈ, ਕਣਕ ਅਤੇ ਛੋਲਿਆਂ ਦੇ ਐੱਮ.ਐੱਸ.ਪੀ. ਵਿੱਚ ਸਿਰਫ 2% ਅਤੇ 2.5% ਦਾ ਵਾਧਾ ਕੀਤਾ ਗਿਆ ਹੈ। ਇਸਦਾ ਅਰਥ ਇਹ ਹੈ ਕਿ ਅਸਲ ਵਿੱਚ, ਕਣਕ ਅਤੇ ਛੋਲਿਆਂ ਦਾ ਐੱਮ.ਐੱਸ.ਪੀ. ਕ੍ਰਮਵਾਰ 4% ਅਤੇ 3.5% ਘੱਟ ਗਿਆ ਹੈ।



## ਅਮਰੀਕਾ : ਕਾਬੁਲ ਬੰਬ ਧਮਾਕੇ 'ਚ ਮਾਰੇ ਗਏ ਸੈਨਿਕ ਦੀ ਮਾਂ ਨੇ ਫਿਊਨਰਲ ਲਈ ਦਿੱਤਾ ਟਰੰਪ ਨੂੰ ਸੱਦਾ

**ਫਰਿਜਨੋ/ਲੋਕ ਬਾਣੀ**

ਪਿਛਲੇ ਮਹੀਨੇ ਕਾਬੁਲ ਵਿਖੇ ਹੋਏ ਬੰਬ ਧਮਾਕੇ 'ਚ ਮਾਰੇ ਗਏ ਅਮਰੀਕੀ ਸੈਨਿਕ ਦੀ ਮਾਂ ਨੇ ਆਪਣੇ ਪੁੱਤਰ ਦੀਆਂ ਅੰਤਮ ਰਸਮਾਂ 'ਚ ਸਾਮਲ ਹੋਣ ਲਈ ਸਾਬਕਾ ਰਾਸਟਰਪਤੀ ਡੋਨਾਲਡ ਟਰੰਪ ਨੂੰ ਸੋਸਲ ਮੀਡੀਆ ਰਾਹੀਂ ਸੱਦਾ ਦਿੱਤਾ। ਇਹ ਸੈਨਿਕ ਕਰੀਮ ਨਿਕੋਈ, ਅਗਸਤ 'ਚ ਅਫਗਾਨਿਸਤਾਨ ਦੇ ਕਾਬੁਲ ਹਵਾਈ ਅੱਡੇ 'ਤੇ ਹੋਏ ਹਮਲੇ ਦੌਰਾਨ ਮਾਰੇ ਗਏ ਅਮਰੀਕੀ ਸਰਵਿਸ ਮੈਂਬਰਾਂ ਵਿੱਚੋਂ ਇੱਕ ਹੈ। ਇਸ ਮਹਿਲਾ ਨੇ ਸਾਬਕਾ ਰਾਸਟਰਪਤੀ ਡੋਨਾਲਡ ਟਰੰਪ ਨੂੰ ਆਪਣੇ ਬੱਚੇ ਦੇ ਅੰਤਿਮ ਸੰਸਕਾਰ ਲਈ ਸੱਦਾ ਦਿੰਦਿਆਂ ਫੇਸਬੁੱਕ 'ਤੇ ਲਿਖਿਆ ਕਿ ਟਰੰਪ ਦਾ ਅੰਤਮ ਸਸਕਾਰ 'ਚ ਸਾਮਲ ਹੋਣਾ ਉਹਨਾਂ ਲਈ ਇੱਕ ਸਨਮਾਨ ਹੋਵੇਗਾ। ਸੈਨਿਕ ਕਰੀਮ ਨਿਕੋਈ ਦੀ ਮਾਂ ਸਾਨਾਂ ਚੈਪਲ ਨੇ 2 ਸਤੰਬਰ ਨੂੰ ਉਸਨੇ ਆਪਣੇ ਫੇਸਬੁੱਕ ਪੇਜ 'ਤੇ ਟਰੰਪ ਨੂੰ ਸੰਬੋਧਿਤ ਕਰਦੇ ਹੋਏ ਲਿਖਿਆ ਕਿ ਮੈਨੂੰ ਚੰਗਾ ਲੱਗੇਗਾ ਜੇ ਮੇਰੇ ਰਾਸਟਰਪਤੀ (ਤੁਸੀਂ ਮਿਸਟਰ ਟਰੰਪ) ਮੇਰੇ ਬੱਚੇ ਲਾਂਸ ਸੀ. ਪੀ. ਐੱਲ. ਕਰੀਮ ਨਿਕੋਈ ਦੀਆਂ ਅੰਤਮ ਰਸਮਾਂ ਵੇਲੇ ਮੌਜੂਦ ਹੋ ਸਕਦੇ ਹੋਵੋ। ਉਸਨੇ ਅੱਗੇ ਕਿਹਾ ਕਿ ਅਮਰੀਕਾ ਦੇ ਅਸਲ ਰਾਸਟਰਪਤੀ ਟਰੰਪ ਨੂੰ ਮਿਲਣਾ ਬਹੁਤ ਸਨਮਾਨ ਦੀ ਗੱਲ ਹੋਵੇਗੀ। ਮੈਂ ਤੁਹਾਨੂੰ ਪਿਆਰ ਕਰਦੀ ਹਾਂ ਤੇ ਅਮਰੀਕਾ ਤੁਹਾਨੂੰ ਪਿਆਰ ਕਰਦਾ ਹੈ। ਇਸ ਸੱਦੇ ਦਾ ਜਵਾਬ ਦਿੰਦਿਆਂ ਟਰੰਪ ਨੇ ਆਪਣੀ ਸੇਵ ਅਮਰੀਕਾ ਪੀ. ਏ. ਸੀ. ਦੇ ਇੱਕ ਈਮੇਲ ਰਾਹੀਂ ਸਾਨਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਅਮਰੀਕਾ ਉਹਨਾਂ ਨੂੰ ਪਿਆਰ ਕਰਦਾ ਹੈ ਤੇ ਖਾਸ ਕਰਕੇ ਕਰੀਮ ਨੂੰ ਪਰ ਟਰੰਪ ਨੇ ਇਹ ਨਹੀਂ ਦੱਸਿਆ ਕਿ ਕੀ ਉਹ ਨਿਕੋਈ ਦੀ ਅੰਤਮ ਸੰਸਕਾਰ ਸੇਵਾ 'ਚ ਸਾਮਲ ਹੋਵੇਗਾ ਜਾਂ ਨਹੀਂ ਜੋ ਕਿ 18 ਸਤੰਬਰ ਨੂੰ ਨਿਰਧਾਰਤ ਕੀਤੀ ਗਈ ਹੈ। ਕਰੀਮ ਨਿਕੋਈ ਦੇ ਮਾਪਿਆਂ ਨੇ ਆਪਣੇ ਪੁੱਤਰ ਦੀ ਮੌਤ ਲਈ ਰਾਸਟਰਪਤੀ ਬਾਈਡੇਨ ਨੂੰ ਜੰਿਮੇਵਾਰ ਠਹਿਰਾਇਆ ਹੈ।



## ਕਈ ਮਰੇ ਕਈ ਲਾਪਤਾ ਬ੍ਰਹਮਪੁੱਤਰ ਦਰਿਆ ਵਿੱਚ ਬੇੜਾ ਡੁੱਬਣ ਕਾਰਨ

**ਜੋਰਹਟ/ਗੁਹਾਟੀ/ਲੋਕ ਬਾਣੀ**

ਅਸਾਮ ਦੇ ਬ੍ਰਹਮਪੁੱਤਰ ਦਰਿਆ ਵਿੱਚ ਮੁਸਾਫਰਾਂ ਨੂੰ ਲਿਜਾ ਰਿਹਾ ਬੇੜਾ ਡੁੱਬ ਜਾਣ ਕਾਰਨ ਇਕ ਵਿਅਕਤੀ ਦੀ ਮੌਤ ਹੋ ਗਈ ਹੈ ਤੇ 20 ਜਣੇ ਲਾਪਤਾ ਹਨ। ਇਹ ਬੇੜਾ ਅਸਾਮ ਦੇ ਜੋਰਹਟ ਜਿਲ੍ਹੇ ਵਿੱਚ ਨਿਮਾਤੀ ਘਾਟ ਨੇੜੇ ਇਕ ਕਿਸ਼ਤੀ ਨਾਲ ਟਕਰਾ ਗਿਆ। ਪ੍ਰਸ਼ਾਸਨਿਕ ਅਧਿਕਾਰੀਆ ਅਨੁਸਾਰ 'ਮਾਂ ਕਮਲਾ' ਨਾਂ ਦਾ ਪ੍ਰਾਈਵੇਟ ਬੇੜਾ ਨਿਮਾਤੀ ਘਾਟ ਤੋਂ ਦਰਿਆ ਰਸਤੇ ਮਾਜੂਲੀ ਇਲਾਕੇ ਵੱਲ ਜਾ ਰਿਹਾ ਸੀ ਤੇ ਸਰਕਾਰੀ ਮਲਕੀਅਤ ਵਾਲੀ 'ਤ੍ਰਿਪਕਈ' ਨਾਂ ਦੀ ਕਿਸ਼ਤੀ ਨਾਲ ਟਕਰਾ ਗਿਆ। ਇਹ ਕਿਸਤੀ ਮਾਜੂਲੀ ਵੱਲੋਂ ਆ ਰਹੀ ਸੀ। ਹਾਦਸੇ ਕਾਰਨ ਬੇੜਾ ਨੁਕਸਾਨਿਆ ਗਿਆ ਤੇ ਦਰਿਆ ਵਿੱਚ ਡੁੱਬ ਗਿਆ। ਇਨਲੈਂਡ ਵਾਟਰ ਟਰਾਂਸਪੋਰਟ ਵਿਭਾਗ ਦੇ ਅਧਿਕਾਰੀ ਨੇ ਦੱਸਿਆ ਕਿ ਹਾਦਸੇ ਦੇ ਵੇਰਵਿਆਂ ਬਾਰੇ ਫਿਲਹਾਲ ਇਸ ਤੋਂ ਜਿਆਦਾ ਜਾਣਕਾਰੀ ਨਹੀਂ ਹੈ। ਇਸ ਬੇੜੇ ਵਿੱਚ 120 ਵਿਅਕਤੀ ਸਵਾਰ ਸਨ। ਜੋਰਹਟ ਦੇ ਡੀਸੀ ਅਸ਼ੋਕ ਬਰਮਨ ਨੇ ਦੱਸਿਆ ਕਿ ਫਿਲਹਾਲ 41 ਲੋਕਾਂ ਨੂੰ ਬਚਾਅ ਲਿਆ ਗਿਆ ਹੈ। ਇਸੇ ਦੌਰਾਨ ਅਸਾਮ ਦੇ ਮੁੱਖ ਮੰਤਰੀ ਹਿਮੰਤਾ ਬਿਸਵਾ ਸਰਮਾ ਨੇ ਘਟਨਾ 'ਤੇ ਦੁੱਖ ਜਤਾਇਆ ਹੈ।



## ਪੰਜਾਬ ਵਿੱਚ ਬੱਸ ਮੁਲਾਜ਼ਮਾਂ ਦੀ ਹੜਤਾਲ ਜਾਰੀ

**ਜਲੰਧਰ/ਚਰਨਜੀਤ ਸੰਤੋਖਪੁਰਾ**

ਪੰਜਾਬ ਸਰਕਾਰ ਤੋਂ ਆਪਣੀਆਂ ਮੰਗਾਂ ਮਨਾਉਣ ਲਈ ਅੜੇ ਬੱਸ ਕਰਮਚਾਰੀਆਂ ਨੇ ਅੱਜ ਲਗਾਤਾਰ ਤੀਜੇ ਦਿਨ ਵੀ ਰਾਜ ਭਰ ਵਿੱਚ ਬੱਸਾਂ ਬੰਦ ਰੱਖਣ ਦਾ ਆਪਣਾ ਫੈਸਲਾ ਕਾਇਮ ਰੱਖਿਆ ਹੈ। ਉਧਰ ਪੰਜਾਬ ਸਰਕਾਰ ਵੱਲੋਂ ਹੜਤਾਲੀ ਮੁਲਾਜਮਾਂ ਨੂੰ ਗੱਲਬਾਤ ਲਈ ਦਿੱਤੇ ਸੱਦੇ ਤਹਿਤ ਅੱਜ ਚੰਡੀਗੜ੍ਹ ਵਿਖੇ ਮੁੱਖ ਮੰਤਰੀ ਦੇ ਦਫਤਰ ਸਿਵਲ ਸਕੱਤਰੇਤ ਵਿੱਚ ਮੀਟਿੰਗ ਬੇਸਿੱਟਾ ਰਹੀ। ਜਥੇਬੰਦੀ ਦੇ ਆਗੂ ਕਮਲ ਕੁਮਾਰ ਨੇ ਦੱਸਿਆ ਕਿ ਹੁਣ ਯੂਨੀਅਨ ਨਵੇਂ ਸਿਰੇ ਤੋਂ ਚੰਡੀਗੜ੍ਹ ਵਿਖੇ ਆਪਣੀ ਮੀਟਿੰਗ ਕਰਕੇ ਛੇਤੀ ਹੀ ਅਗਲੇ ਸੰਘਰਸ ਦਾ ਐਲਾਨ ਕਰੇਗੀ ਅਤੇ ਪੰਜਾਬ ਭਰ ਵਿੱਚ ਬੱਸਾਂ ਦੀ ਚੱਲ ਰਹੀ ਅਣਮਿੱਥੇ ਸਮੇਂ ਦੀ ਹੜਤਾਲ ਪਹਿਲਾਂ ਦੀ ਤਰ੍ਹਾਂ ਜਾਰੀ ਰਹੇਗੀ। ਉਨ੍ਹਾਂ ਦੱਸਿਆ ਕਿ ਮੀਟਿੰਗ ਦੌਰਾਨ ਮੁੱਖ ਮੰਤਰੀ ਦੇ ਪ੍ਰਮੁੱਖ ਸਕੱਤਰ ਸੁਰੇਸ ਕੁਮਾਰ ਮੌਜੂਦ ਸਨ ਅਤੇ ਪੀਆਰਟੀਸੀ ਅਤੇ ਪੰਜਾਬ ਰੋਡਵੇਜ ਦੇ ਅਧਿਕਾਰੀ ਵੀ ਹਾਜਰ ਸਨ। ਉਨ੍ਹਾਂ ਕਿਹਾ ਕਿ ਮੀਟਿੰਗ ਦੌਰਾਨ ਨਾ ਨਵੀਆਂ ਬੱਸਾਂ ਪਾਉਣ, ਨਾ ਹੀ ਰੈਗੂਲਰ ਕਰਨ ਅਤੇ ਨਾ ਹੀ ਤਨਖਾਹ ਵਧਾਉਣ ਦਾ ਕੋਈ ਭਰੋਸਾ ਦਿੱਤਾ, ਸਗੋਂ ਐਕਟ ਬਣਾਕੇ ਮਸਲੇ ਹੱਲ ਕਰਨ ਦੀ ਗੱਲ ਕਹੀ ਗਈ, ਜੋ ਬਿਲਕੁਲ ਮਨਜੂਰ ਨਹੀਂ ਹੈ। ਪਨਬਸ, ਰੋਡਵੇਜ ਅਤੇ ਪੀਆਰਟੀਸੀ ਵਰਕਰਜ ਯੂਨੀਅਨ ਨੇ ਦੱਸਿਆ ਹੈ ਕਿ ਜਥੇਬੰਦੀ ਵਲੋਂ ਇਸ ਮੀਟਿੰਗ ਵਿੱਚ ਸਰਪ੍ਰਸਤ ਕਮਲ ਕੁਮਾਰ ਮੁਕਤਸਰ, ਪ੍ਰਧਾਨ ਰੇਸਮ ਸਿੰਘ, ਮਨਜੀਤ ਸਿੰਘ ਗਿੱਲ ਬਟਾਲਾ, ਗੁਰਪ੍ਰੀਤ ਸਿੰਘ ਪੰਨੂ ਪੀਆਰਟੀਸੀ ਕਪੂਰਥਲਾ, ਜੋਧ ਸਿੰਘ ਅੰਮ੍ਰਿਤਸਰ, ਹਰਕੇਸ ਸਿੰਘ ਪੀਆਰਟੀਸੀ ਪਟਿਆਲਾ ਜਥੇਬੰਦੀ ਦਾ ਪੱਖ ਲੈਕੇ ਗਏ। ਯੂਨੀਅਨ ਦੇ ਆਗੂ ਕਮਲ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਆਪਣੀਆਂ ਮੰਗਾਂ ਮਨਾਉਣ ਲਈ ਆਪਣੇ ਪੱਖ ਨੂੰ ਜੋਰਦਾਰ ਢੰਗ ਨਾਲ ਪੇਸ ਕੀਤਾ।



## ਪੰਜਾਬ 'ਚ ਅਕਾਲੀ ਤੇ ਬਸਪਾ ਨੇ ਦੋ ਹਲਕਿਆਂ ਤੋ ਉਮੀਦਵਾਰ ਬਦਲੇ

**ਚੰਡੀਗੜ੍ਹ/ਵਿਨੋਦ ਸ਼ਰਮਾ**

ਸ੍ਰੋਮਣੀ ਅਕਾਲੀ ਦਲ ਨੇ ਆਪਣੀ ਭਾਈਵਾਲ ਬਸਪਾ ਨਾਲ ਦੋ ਵਿਧਾਨ ਸਭਾ ਹਲਕਿਆਂ ਦੀ ਅਦਲਾ-ਬਦਲੀ ਕੀਤੀ ਹੈ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਦੱਸਿਆ ਬਸਪਾ ਹੁਣ ਕਪੂਰਥਲਾ ਤੇ ਸਾਮ ਚੁਰਾਸੀ ਤੋਂ ਉਮੀਦਵਾਰ ਖੜ੍ਹੇ ਕਰੇਗੀ, ਜਦੋਂ ਕਿ ਅਕਾਲੀ ਦਲ ਅੰਮ੍ਰਿਤਸਰ (ਉੱਤਰੀ) ਅਤੇ ਸੁਜਾਨਪੁਰ ਤੋਂ ਚੋਣ ਲੜੇਗਾ। ਅਕਾਲੀ ਦਲ ਨੇ ਅੰਮ੍ਰਿਤਸਰ ਉੱਤਰੀ ਤੋਂ ਭਾਜਪਾ ਛੱਡ ਕੇ ਅਕਾਲੀ ਦਲ 'ਚ ਆਏ ਅਨਿਲ ਜੋਸੀ ਨੂੰ ਉਮੀਦਵਾਰ ਐਲਾਨ ਦਿੱਤਾ ਹੈ। ਇਸੇ ਤਰ੍ਹਾਂ ਸੁਜਾਨਪੁਰ ਤੋਂ ਭਾਜਪਾ ਛੱਡ ਕੇ ਆਏ ਰਾਜ ਕੁਮਾਰ ਨੂੰ ਉਮੀਦਵਾਰ ਐਲਾਨਿਆ ਹੈ।



## ਪਰਾਲੀ ਸਾੜੇ ਜਾਣ ਅਤੇ ਪ੍ਰਦੂਸ਼ਣ ਦੇ ਮੁੱਦੇ 'ਤੇ ਅੱਜ ਦਿੱਲੀ 'ਚ ਹੋਵੇਗੀ ਉੱਚ ਪੱਧਰੀ ਬੈਠਕ

**ਨਵੀਂ ਦਿੱਲੀ/ਲੋਕ ਬਾਣੀ :** ਦਿੱਲੀ ਦੇ ਵਾਤਾਵਰਣ ਮੰਤਰੀ ਗੋਪਾਲ ਰਾਏ ਨੇ 9 ਸਤੰਬਰ ਨੂੰ ਇਕ ਉੱਚ ਪੱਧਰੀ ਬੈਠਕ ਬੁਲਾਈ ਹੈ, ਜਿਸ 'ਚ ਸਰਦੀ 'ਚ ਪਰਾਲੀ ਸਾੜੇ ਜਾਣ ਅਤੇ ਸ਼ਹਿਰ 'ਚ ਪ੍ਰਦੂਸ਼ਣ ਨਾਲ ਨਜਿੱਠਣ ਦੀ ਰਣਨੀਤੀ 'ਤੇ ਚਰਚਾ ਕੀਤੀ ਜਾਵੇਗੀ। ਅਧਿਕਾਰੀਆਂ ਨੇ ਬੁੱਧਵਾਰ ਨੂੰ ਇਹ ਜਾਣਕਾਰੀ ਦਿੱਤੀ। ਦਿੱਲੀ 'ਚ ਹਰ ਸਾਲ ਸਰਦੀ 'ਚ ਕਈ ਕਾਰਨਾਂ ਕਰ ਕੇ ਹਵਾ ਪ੍ਰਦੂਸ਼ਣ ਦੇ ਪੱਧਰ 'ਚ ਵਾਧਾ ਦੇਖਿਆ ਜਾਂਦਾ ਹੈ, ਜਿਸ 'ਚ ਗੁਆਂਢੀ ਰਾਜਾਂ 'ਚ ਪਰਾਲੀ ਸਾੜੀ ਜਾਣਾ ਵੀ ਸ਼ਾਮਲ ਹੈ। ਇਕ ਅਧਿਕਾਰੀ ਨੇ ਕਿਹਾ, "ਵਾਤਾਵਰਣ ਮੰਤਰੀ ਨੇ ਦਿੱਲੀ ਪ੍ਰਦੂਸ਼ਣ ਕੰਟਰੋਲ ਕਮੇਟੀ, ਵਾਤਾਵਰਣ ਵਿਭਾਗ ਅਤੇ ਜੰਗਲਾਤ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਨਾਲ ਵੀਰਵਾਰ ਨੂੰ ਇਕ ਉੱਚ ਪੱਧਰੀ ਬੈਠਕ ਬੁਲਾਈ ਹੈ।

## ਦੇਸ਼ ਦੀਆਂ ਕੁੜੀਆਂ ਲਈ ਐਨਡੀਏ ਵਿਚ ਜਾਣ ਲਈ ਰਸਤੇ ਖੁਲ੍ਹੇ

**ਨਵੀਂ ਦਿੱਲੀ/ਕਪੂਰ**

ਕੇਂਦਰ ਨੇ ਅੱਜ ਸੁਪਰੀਮ ਕੋਰਟ ਨੂੰ ਦੱਸਿਆ ਕਿ ਦੇਸ਼ ਦੀਆਂ ਹਥਿਆਰਬੰਦ ਸੈਨਾਵਾਂ ਨੇ ਐੱਨਡੀਏ ਵਿੱਚ ਮੁਟਿਆਰਾਂ ਨੂੰ ਆਪਣੀ ਉਮੀਦਵਾਰੀ ਪੇਸ਼ ਕਰਨ ਦੀ ਇਜਾਜਤ ਦੇਣ ਦਾ ਫੈਸਲਾ ਕੀਤਾ ਹੈ। ਇਸ ਨਾਲ ਭਾਰਤੀ ਸੈਨਾਵਾਂ ਵਿੱਚ ਔਰਤਾਂ ਨੂੰ ਸਥਾਈ ਕਮਿਸ਼ਨ ਮਿਲ ਜਾਵੇਗਾ।



ਜਰੂਰੀ ਸੂਚਨਾ

ਸੰਗਰੂਰ ਤੋਂ ਪੱਤਰਕਾਰਾਂ ਲਈ ਸੂਚਨਾ ਅਦਾਰਾ ਰੋਜਾਨਾ ਲੋਕ ਬਾਣੀ ਅਖਬਾਰ ਦੇ ਸੰਗਰੂਰ ਤੋਂ ਪੱਤਰਕਾਰ ਬਣਨ ਲਈ ਸਾਡੇ ਜਿਲਾ ਇੰਚਾਰਜ ਰਤਨ ਦੇਵ ਵਰਮਾ ਨਾਲ ਸੰਪਰਕ ਕਰੋ । ਖਬਰਾਂ ਅਤੇ ਇਸਤਿਹਾਰ ਦੇਣ ਲਈ ਸੰਪਰਕ ਕਰੋ।
Email-rattandevsunam@gmail.com
ਮੋ:-84376-68867

ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

# ਕਾਬੁਲ ਦੇ ਇਕ ਰੋਜਾਨਾ ਅਖਬਾਰ ਦੇ ਪੰਜ ਪੱਤਰਕਾਰਾਂ ਨੂੰ ਤਾਲਿਬਾਨ ਨੇ ਕੀਤਾ ਗ੍ਰਿਫ਼ਤਾਰ

**ਕਾਬੁਲ/ਲੋਕ ਬਾਣੀ :** ਟੋਲੋ ਨਿਊਜ਼ ਦੇ ਹਵਾਲੇ ਤੋਂ ਇਹ ਖ਼ਬਰ ਸਾਹਮਣੇ ਆਈ ਹੈ ਕਿ ਕਾਬੁਲ ਦੇ ਇਕ ਰੋਜਾਨਾ ਅਖਬਾਰ ਐਟੀਲਾਟ੍ਰੋਜ਼ ਦੇ ਪੰਜ ਪੱਤਰਕਾਰਾਂ ਨੂੰ ਤਾਲਿਬਾਨ ਨੇ ਗ੍ਰਿਫਤਾਰ ਕੀਤਾ ਹੈ।

# ਕੇਂਦਰੀ ਰਾਜ ਮੰਤਰੀ ਸੋਮ ਪ੍ਰਕਾਸ਼ ਨੇ ਫਗਵਾੜਾ ਨੂੰ ਜ਼ਿਲ੍ਹਾ ਬਣਾਉਣ ਲਈ ਮੁੱਖ ਮੰਤਰੀ ਨੂੰ ਮੁੜ ਲਿਖਿਆ ਪੱਤਰ

**ਫਗਵਾੜਾ/ਲੋਕ ਬਾਣੀ :** ਕੇਂਦਰੀ ਰਾਜ ਮੰਤਰੀ ਸੋਮ ਪ੍ਰਕਾਸ਼ ਨੇ ਫਗਵਾੜਾ ਨੂੰ ਜ਼ਿਲ੍ਹਾ ਬਣਾਉਣ ਸਬੰਧੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਮੁੜ ਪੱਤਰ ਲਿਖਿਆ ਹੈ। ਸੋਮ ਪ੍ਰਕਾਸ਼ ਨੇ ਆਖਿਆ ਫਗਵਾੜਾ ਉਦਯੋਗਿਕ ਸ਼ਹਿਰ ਹੈ ਅਤੇ ਫਗਵਾੜਾ ਵਾਸੀਆਂ ਨੂੰ 40 ਕਿੱਲੋਮੀਟਰ ਸਫ਼ਰ ਤਹਿ ਕਰ ਕੇ ਕਪੂਰਥਲਾ ਜਾਣਾ ਪੈਂਦਾ ਹੈ। ਇਸ ਨਾਲ ਉਨ੍ਹਾਂ ਨੂੰ ਬਹੁਤ ਪਰੇਸ਼ਾਨੀ ਆਉਂਦੀ ਹੈ।

# ਸੁਨਿਆਰੇ ਨੂੰ ਲੱਗਾ ਰਗੜਾ,ਕਾਰੀਗਰ ਹੀ ਕੁਝ ਤੋਲੇ ਗਹਿਣੇ ਲੈ ਕੇ ਫ਼ਰਾਰ

**ਮਾਛੀਵਾੜਾ ਸਾਹਿਬ/ਲੋਕ ਬਾਣੀ :** ਕਰੀਬ ਚਾਰ ਸਾਲਾਂ ਤੋ ਵਿਸ਼ਵਾਸਪਾਤਰ ਬਣਿਆ ਸੁਨਿਆਰੇ ਦੀ ਦੁਕਾਨ ਦਾ ਕਾਰੀਗਰ ਆਪਣੇ ਮਾਲਕ ਨੂੰ ਹੀ ਕਰੀਬ ਦੋ ਲੱਖ ਰੁਪਏ ਤੋਂ ਵੀ ਵੱਧ ਦਾ ਰਗੜਾ ਲਗਾ ਕੇ ਰਫੂ ਚੱਕਰ ਹੋ ਗਿਆ। ਇਹ ਮਾਮਲਾ ਸ਼ਹਿਰ ਦੇ ਮੇਨ ਬਾਜ਼ਾਰ ਵਿਚ ਸਥਿਤ ਪ੍ਰਿੰਸ ਜਿਊਲਰਜ਼ ਦੇ ਮਾਲਕ ਸੁਰਿੰਦਰ ਕੁਮਾਰ ਵਰਮਾ ਨਾਲ ਉਸ ਸਮੇਂ ਵਾਪਰਿਆ ਜਦੋਂ ਉਸ ਨੇ ਕਾਰੀਗਰ ਨੂੰ ਕਰੀਬ ਸਾਢੇ ਪੰਜ ਤੋਲੇ ਸੋਨੇ ਦੇ ਗਹਿਣੇ ਬਣਾਉਣ ਨੂੰ ਦਿੱਤੇ ਕਿ ਅਚਾਨਕ ਉਹ ਮੌਕਾ ਦੇਖ ਕੇ ਦੁਕਾਨ ਤੋਂ ਰਫੂਚੱਕਰ ਹੋ ਗਿਆ . ਘਟਨਾ ਦੀ ਲਿਖਤੀ ਜਾਣਕਾਰੀ ਸੰਬੰਧਿਤ ਪੁਲਿਸ ਨੂੰ ਦਿੱਤੀ ਗਈ ਹੈ ਅਤੇ ਪੁਲਿਸ ਅਧਿਕਾਰੀ ਵੀ ਜਾਂਚ ਵਿਚ ਜੁੱਟ ਗਏ ਹਨ . ਜ਼ਿਕਰਯੋਗ ਹੈ ਕਿ ਅਜੇ ਕੇਸ ਦਰਜ ਨਹੀ ਕੀਤਾ ਗਿਆ ਹੈ।

# ਖੰਨਾ ਦੇ ਦੋ ਵੱਡੇ ਵਪਾਰੀ ਘਰਾਨਿਆਂ 'ਤੇ ਕੇਂਦਰੀ ਏਜੰਸੀਆਂ ਦੇ ਛਾਪੇ

**ਖੰਨਾ/ਲੋਕ ਬਾਣੀ :** ਖੰਨਾ ਵਿਚ ਕੇਂਦਰ ਦੀਆਂ ਏਜੰਸੀਆਂ ਵਲੋਂ ਖੰਨਾ ਦੇ ਦੋ ਵੱਡੇ ਵਪਾਰੀ ਘਰਾਨਿਆਂ 'ਤੇ ਮਾਰੇ ਛਾਪਿਆਂ ਕਾਰਨ ਇਲਾਕੇ ਦੇ ਵਪਾਰੀਆਂ ਅਤੇ ਉਦਯੋਗਪਤੀਆਂ ਵਿਚ ਹਲਚਲ ਮਚੀ ਹੋਈ ਹੈ। ਅਜੇ ਤੱਕ ਇਹ ਨਹੀਂ ਪਤਾ ਲੱਗ ਸਕਿਆ ਕਿ ਇਹ ਛਾਪੇ ਇਨਕਮ ਟੈਕਸ ਵਿਭਾਗ ਜਾਂ ਕਿਸੇ ਹੋਰ ਕੇਂਦਰੀ ਏਜੰਸੀ ਨੇ ਮਾਰੇ ਹਨ। ਏਸ਼ੀਆ ਦੀ ਸਭ ਤੋਂ ਵੱਡੀ ਅਨਾਜ ਮੰਡੀ ਖੰਨਾ ਨਾਲ ਸਬੰਧਿਤ 2 ਆੜ੍ਹਤੀ ਘਰਾਨਿਆਂ ਜਿਨ੍ਹਾਂ ਦੇ ਵੱਡੇ ਉਦਯੋਗ ਵੀ ਹਨ, ਦੇ ਘਰਾਂ ਅਤੇ ਉਦਯੋਗਾਂ ਦੇ ਕਰੀਬ ਇਕ ਦਰਜਨ ਟਿਕਾਣਿਆਂ 'ਤੇ ਛਾਪੇ ਮਾਰਨ ਦੀ ਖ਼ਬਰ ਹੈ। ਇਨ੍ਹਾਂ ਛਾਪਿਆਂ ਵਿਚ ਪੰਜਾਬ ਪੁਲਿਸ ਦੀ ਬਜਾਏ ਸੀ.ਆਰ.ਪੀ.ਐਫ. ਦੀ ਵਰਤੋਂ ਕੀਤੀ ਗਈ ਹੈ। ਇਸ ਮਾਮਲੇ ਵਿਚ ਪੱਤਰਕਾਰਾਂ ਨੂੰ ਅਜੇ ਕੁੱਝ ਵੀ ਨਹੀਂ ਦੱਸਿਆ ਜਾ ਰਿਹਾ। ਵਪਾਰਕ ਘਰਾਨਿਆਂ ਦੇ ਮਾਲਕਾਂ ਦੇ ਫ਼ੋਨ ਵੀ ਬੰਦ ਮਿਲ ਰਹੇ ਹਨ।

# ਮਿੰਨੀ ਸਕੱਤਰੇਤ ਦੇ ਘਿਰਾਓ ਤੋਂ ਬਾਅਦ ਕਿਸਾਨਾਂ ਦੇ ਹੌਸਲੇ ਬੁਲੰਦ

**ਕਰਨਾਲ/ਲੋਕ ਬਾਣੀ :** ਬੀਤੀ 28 ਅਗਸਤ ਨੂੰ ਬਸਤਾੜਾ ਟੋਲ ਪਲਾਜ਼ਾ ਦੇ ਕੀਤੇ ਗਏ ਪੁਲਿਸ ਲਾਠੀਚਾਰਜ ਖ਼ਿਲਾਫ਼ ਸੀ.ਐਮ.ਸਿਟੀ ਹਰਿਆਣਾ ਮਨੋਹਰ ਲਾਲ ਖੱਟਰ ਦੇ ਗ੍ਰਹਿ ਖੇਤਰ ਕਰਨਾਲ ਵਿਖੇ ਕਿਸਾਨਾਂ ਵਲੋਂ ਜ਼ਿਲ੍ਹਾ ਸਕੱਤਰੇਤ ਦਾ ਘਿਰਾਓ ਕੀਤੇ ਜਾਣ ਦੇ ਦੂਜੇ ਦਿਨ ਅੱਜ ਇਕ ਵਾਰ ਫਿਰ ਪ੍ਰਸ਼ਾਸਨ ਵਲੋਂ ਸੰਯੁਕਤ ਕਿਸਾਨ ਸੰਘਰਸ਼ ਮੋਰਚੇ ਦੇ ਆਗੂਆਂ ਨਾਲ ਮੀਟਿੰਗ ਕਰਨ ਦਾ ਸੱਦਾ ਦਿਤੇ ਦੇ ਬਾਵਜੂਦ ਮੀਟਿੰਗ ਵਿਚ ਕੋਈ ਫ਼ੈਸਲਾ ਨਹੀ ਹੋ ਸਕਿਆ।

# ਖੰਨਾ ਪੁਲਿਸ ਵੱਲੋਂ ਬੈਂਕ/ਏ.ਟੀ.ਐਮ. ਫਰਾਡ ਕਰਨ ਵਾਲੇ ਅੰਤਰਰਾਜੀ ਗਿਰੋਹ ਦੇ ਮੈਂਬਰਾਂ ਨੂੰ ਕੀਤਾ ਕਾਬੂ

**ਖੰਨਾ/ਲੁਧਿਆਣਾ/ਸੁਖਚੈਨ ਮਹਿਰਾ**



ਸ਼੍ਰੀ ਗੁਰਸ਼ਰਨਦੀਪ ਸਿੰਘ ਗਰੇਵਾਲ ਪੀ.ਪੀ.ਐੱਸ, ਸੀਨੀਅਰ ਪੁਲਿਸ ਕਪਤਾਨ ਖੰਨਾ, ਨੇ ਪ੍ਰੈੱਸ ਕਾਨਫਰੰਸ ਰਾਹੀਂ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਖੰਨਾ ਪੁਲਿਸ ਵੱਲੋ ਮਾੜੇ ਅਨਸਰਾਂ ਨੂੰ ਕਾਬੂ ਕਰਨ ਲਈ ਵਿੱਢੀ ਗਈ ਸਪੈਸ਼ਲ ਮੁਹਿੰਮ ਵਿੱਚ ਖੰਨਾ ਪੁਲਿਸ ਨੂੰ ਬੈਂਕ/ਏ.ਟੀ.ਐਮ. ਫਰਾਡ ਕਰਨ ਵਾਲੇ ਅੰਤਰਰਾਜੀ ਗਿਰੋਹ ਦੇ ਮੈਂਬਰਾਂ ਨੂੰ ਮਿਤੀ 07-09-2021 ਨੂੰ ਗ੍ਰਿਫਤਾਰ ਕਰਦਿਆਂ ਵੱਡੀ ਸਫਲਤਾ ਪ੍ਰਾਪਤ ਹੋਈ ਹੈ। ਜੇਰ ਸਰਕਰਦਗੀ ਸ਼੍ਰੀ ਮਨਪ੍ਰੀਤ ਸਿੰਘ, ਪੀ.ਪੀ.ਐਸ. ਪੁਲਿਸ ਕਪਤਾਨ (ਆਈ) ਖੰਨਾ, ਸ਼੍ਰੀ ਰਾਜਨਪ੍ਰਮਿੰਦਰ ਸਿੰਘ ਪੀ.ਪੀ.ਐੱਸ, ਉਪ ਪੁਲਿਸ ਕਪਤਾਨ ਖੰਨਾ, ਥਾਣੇਦਾਰ ਰਵਿੰਦਰ ਕੁਮਾਰ ਮੁੱਖ ਅਫਸਰ ਥਾਣਾ ਸਿਟੀ-1 ਖੰਨਾ ਦੇ ਸਹਾਇਕ ਥਾਣੇਦਾਰ ਜਗਤਾਰ ਸਿੰਘ ਸਮੇਤ ਪੁਲਿਸ ਪਾਰਟੀ ਵੱਲੋ ਇੱਕ ਖੁਫੀਆ ਜਾਣਕਾਰੀ ਪ੍ਰਾਪਤ ਹੋਈ ਕਿ ਪੰਜਾਬ, ਹਰਿਆਣਾ, ਦਿੱਲੀ, ਯੂ.ਪੀ. ਤੇ ਹੋਰ ਵੱਖ-ਵੱਖ ਰਾਜਾਂ ਦੇ ਭੋਲੇ ਭਾਲੇ ਲੋਕਾਂ/ਬਜ਼ੁਰਗਾਂ ਦੇ ਬੈਂਕ ਖਾਤਿਆ ਵਿੱਚ ਪੈਸੇ ਕੱਢਵਾ ਕੇ ਠੱਗੀ ਮਾਰਨ ਵਾਲੇ ਗਿਰੋਹ ਦੇ ਮੈਂਬਰ ਠੱਗੀ ਮਾਰਨ ਦੇ ਇਰਾਦੇ ਨਾਲ ਖੰਨਾ ਸ਼ਹਿਰ ਵਿੱਚ ਘੁੰਮ ਰਹੇ ਹਨ, ਜਿਸ ਤੇ ਕਾਰਵਾਈ ਕਰਦਿਆ ਨੇੜੇ ਰਤਨਹੇੜੀ ਫਾਟਕਾਂ, ਖੰਨਾ ਦੌਰਾਨੇ ਗਸਤ ਦੋਸ਼ੀਆਂ 1) ਸੋਨੂੰ ਪੁੱਤਰ ਮਨੋਜ ਵਾਸੀ ਹੀਰਾਪੁਰ ਥਾਣਾ ਕੋਤਵਾਲੀ ਕਲਪੀ, ਜਿਲਾਂ ਜਲੂਨ, ਯੂ.ਪੀ. ਅਤੇ 2) ਭੂਰੇ ਪੁੱਤਰ ਸੁਮਿਤ ਨਰਾਇਣ ਵਾਸੀ ਕੰਨਝਾਰੀ, ਥਾਣਾ ਕਠਾਊਡ, ਜਿਲ੍ਹਾਂ ਜਲੂਨ, ਯੂ.ਪੀ. ਨੂੰ ਕਾਬੂ ਕਰਕੇ ਹਸਬ ਜਾਬਤਾ ਗ੍ਰਿਫਤਾਰ ਕੀਤਾ ਗਿਆ ਅਤੇ ਉਕਤ ਵਿਅਕਤੀਆ ਦੇ ਖਿਲਾਫ ਮੁੱਕਦਮਾ ਨੰਬਰ 138, ਮਿਤੀ 07।09।2021 ਅ/ਧ 420, 380 ਭ ਦੰ ਥਾਣਾ ਸਿਟੀ-1 ਖੰਨਾ, ਦਰਜ਼ ਰਜਿਸਟਰ ਕੀਤਾ ਗਿਆ। ਦੋਸ਼ੀ ਉੱਕਤਾਨ ਪਾਸੋਂ ਵੱਖ ਵੱਖ ਬੈਂਕਾਂ ਦੇ ਕੁੱਲ 72 ਏ.ਟੀ.ਐਮ. ਕਾਰਡ ਬ੍ਰਾਮਦ ਹੋਏ, ਜਿਨ੍ਹਾਂ ਦੀ ਡੂੰਘਾਈ ਨਾਲ ਪੁੱਛਗਿੱਛ ਕਰਨ 'ਤੇ ਇਹ ਗੱਲ ਸਾਹਮਣੇ ਆਈ ਕਿ ਦੋਸ਼ੀ ਉੱਕਤਾਨ ਭੋਲੇ ਭਾਲੇ ਤੇ ਬਜੁਰਗ ਲੋਕਾਂ ਦੇ ਏ.ਟੀ.ਐਮ. ਕਾਰਡ ਮੱਦਦ ਕਰਨ ਦੇ ਬਹਾਨੇ ਚਲਾਕੀ ਨਾਲ ਬਦਲ ਲੈਂਦੇ ਸੀ ਤੇ ਉਨ੍ਹਾਂ ਦੇ ਏ.ਟੀ.ਐਮ. ਕਾਰਡ ਨੰਬਰ ਦੇਖ ਲੈਂਦੇ ਸੀ ਅਤੇ ਬਾਅਦ ਵਿੱਚ ਉਨ੍ਹਾਂ ਦੇ ਖਾਤਿਆ ਵਿੱਚੋ ਵੱਖ-ਵੱਖ ਏ.ਟੀ.ਐਮ. ਰਾਹੀ ਕਾਨਪੁਰ, ਲੱਖਨਊ, ਦਿੱਲੀ, ਯੂ.ਪੀ. ਆਦਿ ਥਾਵਾਂ ਤੋਂ ਪੈਸੇ ਕਢਵਾ ਲੈਂਦੇ ਸੀ ਅਤੇ ਦੋਸ਼ੀ ਉੱਕਤਾਨ ਨੇ ਦੱਸਿਆ ਕਿ ਉਹ ਆਪਣੇ ਜਾਣਕਾਰਾਂ ਅਤੇ ਪਿੰਡ ਦੇ ਲੋਕਾਂ ਨੂੰ ਕੁੱਝ ਪੈਸੇ ਦਾ ਲਾਲਚ ਦੇ ਕੇ ਉਨ੍ਹਾਂ ਦੇ ਏ.ਟੀ.ਐਮ. ਕਾਰਡ ਲੈ ਲੈਂਦੇ ਸੀ ਅਤੇ ਉਨ੍ਹਾਂ ਦੇ ਬੈਂਕ ਖਾਤਿਆ ਵਿੱਚ ਕੁੱਝ ਪੈਸੇ ਜਮ੍ਹਾਂ ਕਰਵਾ ਕੇ, ਉਨ੍ਹਾਂ ਦੇ ਏ.ਟੀ.ਐਮ. ਕਾਰਡ ਰਾਹੀਂ ਏ.ਟੀ.ਐਮ. ਮਸ਼ੀਨਾਂ ਵਿੱਚੋ ਪੈਸੇ ਕਢਵਾਉਣ ਉਪਰੰਤ ਵੀ ਕੁੱਝ ਤਕਨੀਕੀ ਢੰਗਾਂ ਨਾਲ ਏ.ਟੀ.ਐਮ. ਦੀ ਟ੍ਰਾਜੈਕਸ਼ਨ ਫੇਲਡ ਕਰਵਾ ਲੈਂਦੇ ਸੀ ਅਤੇ ਫੇਰ ਫੇਲਡ ਹੋਈ ਟ੍ਰਾਂਜੈਕਸ਼ਨ ਦੇ ਸਬੰਧ ਵਿੱਚ ਬੈਂਕ ਨੂੰ ਆਨਲਾਇਨ ਕੰਪਲੇਟ ਪਾ ਕੇ ਪੈਸੇ ਰਿਫੰਡ ਕਰਵਾ ਕੇ ਬੈਂਕਾਂ ਨਾਲ ਵੀ ਠੱਗੀ ਮਾਰਦੇ ਸਨ, ਜਿਨ੍ਹਾਂ ਨੇ ਹੁਣ ਤੱਕ ਕਰੀਬ 10-20 ਲੱਖ ਰੁਪਏ ਦੀ ਠੱਗੀ ਮਾਰੀ ਹੈ। ਦੋਸ਼ੀ ਪਾਸੋਂ ਪੁੱਛਗਿੱਛ ਜਾਰੀ ਹੈ, ਅਹਿਮ ਖੁਲਾਸੇ ਹੋਣ ਦੀ ਸੰਭਾਵਨਾ ਹੈ।

■ ਵੱਖ-ਵੱਖ ਬੈਂਕਾਂ ਦੇ 72 ਏ.ਟੀ.ਐਮ. ਕਾਰਡ ਵੀ ਕੀਤੇ ਬਰਾਮਦ

# ਜ਼ਿਲ੍ਹਾ ਲੁਧਿਆਣਾ ਵਿੱਚ ਅੱਜ ਫੇਰ 9069 ਸੈਂਪਲ ਲਏ

**ਲੁਧਿਆਣਾ/ਕਰਨ ਅੱਗਰਵਾਲ, ਚੰਦਰ ਸਿੰਘ**

ਪੰਜਾਬ ਸਰਕਾਰ ਵੱਲੋਂ ਕਰੋਨਾ ਮਹਾਂਮਾਰੀ ਨੂੰ ਫੈਲਣ ਤੋਂ ਰੋਕਣ ਲਈ ਸ਼ੁਰੂ ਕੀਤੇ ਗਏ ਉਪਰਾਲਿਆਂ ਤਹਿਤ ਅੱਜ ਜ਼ਿਲ੍ਹਾ ਲੁਧਿਆਣਾ ਵਿੱਚ ਇੱਕ ਦਿਨ ਵਿੱਚ ਸ਼ੱਕੀ ਮਰੀਜ਼ਾਂ ਦੇ 9069 ਸੈਂਪਲ ਲਏ ਗਏ।

ਡਿਪਟੀ ਕਮਿਸ਼ਨਰ ਲੁਧਿਆਣਾ ਸ੍ਰੀ ਵਰਿੰਦਰ ਕੁਮਾਰ ਸ਼ਰਮਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਹੁਣ ਤੱਕ ਕੁੱਲ 87492 ਮਰੀਜ਼ਾਂ ਵਿਚੋਂ 97.57% (85363 ਕੋਵਿਡ ਪੋਜ਼ਟਿਵ ਮਰੀਜ਼) ਪੂਰੀ ਤਰ੍ਹਾਂ ਠੀਕ ਹੋ ਚੁੱਕੇ ਹਨ ਜਦਕਿ ਕੁਝ ਹੋਰ ਸਰਕਾਰੀ ਅਤੇ ਨਿੱਜੀ ਹਸਪਤਾਲਾਂ ਵਿੱਚ ਇਲਾਜ ਅਧੀਨ ਹਨ।

ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਅਤੇ ਸਿਹਤ ਵਿਭਾਗ ਵੱਲੋਂ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਜਦੋ ਵੀ ਕੋਈ ਵਿਅਕਤੀ ਦੇ ਕੋਵਿਡ-19 ਦੇ ਪੀੜਤ ਜਾਂ ਸ਼ੱਕੀ ਲੱਗਦਾ ਹੈ ਤਾਂ ਤੁਰੰਤ ਉਸ ਦੇ ਸੈਂਪਲ ਜਾਂਚ ਲਈ ਭੇਜੇ ਜਾਂਦੇ ਹਨ। ਇਸੇ ਤਰ੍ਹਾਂ ਅੱਜ ਵੀ 9069 ਸ਼ੱਕੀ ਵਿਅਕਤੀਆਂ ਦੇ ਨਮੂਨੇ ਜਾਂਚ ਲਈ ਭੇਜੇ ਗਏ ਹਨ ਅਤੇ ਜਲਦ ਹੀ ਉਨ੍ਹਾਂ ਦੇ ਨਤੀਜੇ ਮਿਲਣ ਦੀ ਉਮੀਦ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਸਮੇਂ ਜ਼ਿਲ੍ਹੇ ਵਿੱਚ 31 ਪੋਜ਼ਟਿਵ ਮਰੀਜ਼ ਹਨ। ਜ਼ਿਲ੍ਹੇ ਵਿੱਚ ਹੁਣ ਤੱਕ ਤੰਦਰੁਸਤ ਹੋਏ ਮਰੀਜ਼ਾਂ ਦੀ ਸੰਖਿਆ 85363 ਹੋ ਗਈ ਹੈ।

ਉਨ੍ਹਾਂ ਕਿਹਾ ਕਿ ਕੋਵਿਡ-19 ਤੋਂ ਲੋਕਾਂ ਨੂੰ ਸੁਰੱਖਿਅਤ ਰੱਖਣ ਲਈ ਹਰ ਸੰਭਵ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪਿਛਲੇ 24 ਘੰਟਿਆਂ ਦੌਰਾਨ ਕੁਲ 2 ਮਰੀਜ਼ (1 ਜ਼ਿਲ੍ਹਾ ਲੁਧਿਆਣਾ ਤੋਂ ਨਵੇਂ ਮਰੀਜ਼ ਅਤੇ 1 ਬਾਹਰਲੇ ਰਾਜ/ਜ਼ਿਲ੍ਹੇ ਨਾਲ ਸਬੰਧਤ ਹੈ) ਪੋਜ਼ਟਿਵ ਪਾਏ ਗਏ ਹਨ।

ਉਨ੍ਹਾਂ ਕਿਹਾ ਕਿ ਹੁਣ ਤੱਕ ਕੁੱਲ 2345388 ਨਮੂਨੇ ਲਏ ਗਏ ਹਨ, ਜਿਨ੍ਹਾਂ ਵਿਚੋਂ 2246232 ਨਮੂਨੇ ਨੈਗਟਿਵ ਪਾਏ ਗਏ ਹਨ। ਉਨ੍ਹਾਂ ਦੱਸਿਆ ਕਿ ਹੁਣ ਲੁਧਿਆਣਾ ਨਾਲ ਸਬੰਧਤ ਕੁਲ ਮਰੀਜ਼ਾਂ ਦੀ ਗਿਣਤੀ 87492 ਹੈ, ਜਦਕਿ 11664 ਮਰੀਜ਼ ਦੂਜੇ ਜ਼ਿਲ੍ਹਿਆਂ/ਰਾਜਾਂ ਨਾਲ ਸਬੰਧਤ ਹਨ।

ਉਨ੍ਹਾਂ ਕਿਹਾ ਕਿ ਹੁਣ ਤੱਕ ਕੋਰੋਨਾ ਤੋਂ ਪੀੜਤ ਮਰੀਜ਼ਾਂ ਦੀ ਮੌਤ ਦੀ ਕੁੱਲ ਗਿਣਤੀ ਲੁਧਿਆਣਾ ਤੋਂ 2098 ਅਤੇ 1049 ਦੂਜੇ ਜ਼ਿਲ੍ਹਿਆਂ ਨਾਲ ਸਬੰਧਤ ਹਨ।

ਸ੍ਰੀ ਸ਼ਰਮਾ ਨੇ ਵਸਨੀਕਾਂ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਸਰਕਾਰ ਦੀਆਂ ਸਾਰੀਆਂ ਹਦਾਇਤਾਂ ਦੀ ਪਾਲਣਾ ਕਰਨ, ਜਿਸ ਨਾਲ ਉਹ ਨਾ ਸਿਰਫ ਆਪ ਸੁਰੱਖਿਅਤ ਰਹਿਣਗੇ, ਬਲਕਿ ਹਰ ਕਿਸੇ ਨੂੰ ਸੁਰੱਖਿਅਤ ਰੱਖਣ ਵਿੱਚ ਵੀ ਯੋਗਦਾਨ ਪਾਉਣਗੇ।

# ਸੰਗਤ ਰੋਡ ਵਾਸੀਆਂ ਨੇ ਸੀਵਰੇਜ ਦੀ ਮੁਸ਼ਕਲ ਨੂੰ ਲੈ ਕੇ ਕੀਤਾ ਪ੍ਰਦਰਸ਼ਨ, ਨਗਰ ਪੰਚਾਇਤ ਅਤੇ ਸਰਕਾਰ ਖਿਲਾਫ ਕੀਤੀ ਨਾਅਰੇਬਾਜੀ



**ਤਲਵੰਡੀ ਸਾਬੋ/ਗੁਰਜੰਟ ਸਿੰਘ ਨਥੇਹਾ**

ਇਤਿਹਾਸਕ ਨਗਰ ਤਲਵੰਡੀ ਸਾਬੋ ਦੇ ਸੰਗਤ ਰੋਡ 'ਤੇ ਸੀਵਰੇਜ ਸਿਸਟਮ ਤੋਂ ਪ੍ਰੇਸ਼ਾਨ ਲੋਕਾਂ ਨੇ ਜਾਮ ਲਗਾ ਕੇ ਪ੍ਰਦਰਸ਼ਨ ਕੀਤਾ। ਪ੍ਰਦਸ਼ਨਕਾਰੀਆਂ ਨੇ ਸਰਕਾਰ ਤੇ ਨਗਰ ਪੰਚਾਇਤ ਖਿਲਾਫ ਜੰਮ ਕੇ ਨਾਅਰੇਬਾਜੀ ਕੀਤੀ। ਪ੍ਰਦਸ਼ਨਕਾਰੀ ਅਵਤਾਰ ਸਿੰਘ ਨੇ ਦੱਸਿਆ ਕਿ ਸੰਗਤ ਰੋਡ 'ਤੇ ਸੀਵਰੇਜ ਦੀ ਮੁਸ਼ਕਲ ਹੈ ਪਹਿਲਾਂ ਨਵੀਂ ਸੜਕ ਬਣਾਈ ਗਈ ਤੇ ਬਾਅਦ ਵਿੱਚ ਸੀਵਰੇਜ ਬੋਰਡ ਨੇ ਸੜਕ ਪੁੱਟ ਕੇ ਢੱਕਣ ਚੌੜੇ ਕੀਤੇ ਜਿਸ ਨਾਲ ਸਾਰੀ ਸੜਕ ਟੁੱਟ ਗਈ ਤੇ ਸੜਕ 'ਤੇ ਪਾਣੀ ਖੜਾ ਰਹਿਣ ਕਰਕੇ ਘਰਾਂ ਵਿੱਚ ਗੰਦੇ ਪਾਣੀ ਦੀ ਬਦਬੂ ਆਉਂਦੀ ਹੈ ਜਿਸ ਕਰਕੇ ਇਥੇ ਰਹਿਣਾ ਮੁਸ਼ਕਲ ਹੈ। ਉਹਨਾਂ ਦੱਸਿਆ ਕਿ ਨਗਰ ਪੰਚਾਇਤ ਟੈਂਕੀ ਭੇਜਕੇ ਇੱਕ ਵਾਰ ਗੰਦਾ ਪਾਣੀ ਕਢਵਾ ਦਿੰਦਾ ਹੈ ਪਰ ਫਿਰ ਮੁਸ਼ਕਲ ਜਿਉਂ ਦੀ ਤਿਉਂ ਬਣੀ ਰਹਿੰਦੀ ਹੈ। ਅੱਲਾ ਦੱਤਾ ਨੇ ਦੱਸਿਆ ਕਿ ਪੰਜ ਛੇ ਮਹੀਨੇ ਤੋਂ ਸੜਕ ਤੇ ਸੀਵਰੇਜ ਦਾ ਗੰਦਾ ਪਾਣੀ ਭਰਨ ਕਰਕੇ ਪ੍ਰੇਸ਼ਾਨ ਹਨ। ਬੱਚਿਆਂ ਨੂੰ ਸਕੂਲ ਜਾਣ ਸਮੇਂ ਸਭ ਤੋਂ ਵੱਡੀ ਮੁਸ਼ਕਲ ਆਉਂਦੀ ਹੈ। ਪ੍ਰਦਰਸ਼ਨਕਾਰੀ ਔਰਤ ਹਰਮੀਤ ਬੇਗਮ ਨੇ ਦੱਸਿਆ ਕਿ ਸੀਵਰੇਜ ਦਾ ਗੰਦਾ ਪਾਣੀ ਪੀਣ ਵਾਲੇ ਪਾਣੀ ਵਿੱਚ ਮਿਲ ਹੋ ਕੇ ਘਰਾਂ ਵਿੱਚ ਆਉਂਦਾ ਹੈ ਜਿਸ ਨਾਲ ਬਿਮਾਰੀਆਂ ਫੈਲਣ ਦਾ ਖਤਰਾ ਬਣਿਆ ਹੋਇਆ ਹੈ। ਪ੍ਰਦਸ਼ਨਕਾਰੀਆਂ ਨੇ ਦੱਸਿਆ ਕਿ ਕਈ ਵਾਰ ਸ਼ਿਕਾਇਤ ਕਰਨ ਤੋਂ ਬਾਅਦ ਵੀ ਉਹਨਾਂ ਦਾ ਕੋਈ ਹੱਲ ਨਹੀਂ ਹੋ ਰਿਹਾ ਜਿਸ ਕਰਕੇ ਮਜਬੂਰੀ ਵੱਸ ਸੜਕ ਜਾਮ ਕਰਨੀ ਪਈ। ਉਹਨਾਂ ਚੇਤਾਵਨੀ ਦਿੱਤੀ ਕਿ ਜੇ ਮੁਸ਼ਕਲ ਹੱਲ ਨਾ ਕੀਤੀ ਗਈ ਤਾਂ ਆਉਣ ਵਾਲੇ ਸਮੇਂ ਵਿੱਚ ਸੰਘਰਸ਼ ਹੋਰ ਤਿੱਖਾ ਕੀਤਾ ਜਾਵੇਗਾ। ਇਸ ਮੌਕੇ ਸੁਖਵੀਰ ਸਿੰਘ ਚੱਠਾ, ਦੀਪੀ ਖਾਨ, ਅਮਨਦੀਪ ਸਿੰਘ, ਲਖਵੀਰ ਸਿੰਘ, ਦਰਸਨ ਸਿੰਘ, ਜੱਗ ਖਾਨ, ਨਾਨਕ ਸਿੰਘ ਵੀ ਸ਼ਾਮਿਲ ਸਨ। ਉਧਰ ਮਾਮਲੇ ਸੰਬੰਧੀ ਜਦੋਂ ਨਗਰ ਪੰਚਾਇਤ ਦੇ ਪ੍ਰਧਾਨ ਗੁਰਤਿੰਦਰ ਸਿੰਘ ਰਿੰਪੀ ਮਾਨ ਨਾਲ ਗੱਲਬਾਤ ਕੀਤੀ ਤਾਂ ਉਹਨਾਂ ਕਿਹਾ ਮਾਮਲਾ ਧਿਆਨ ਵਿੱਚ ਆਇਆ ਹੈ ਇੱਕ ਤਾਂ ਪਾਈਪ ਫਟਣ ਕਰਕੇ ਮੁਸ਼ਕਲ ਆਈ ਹੈ ਤੇ ਦੂਜਾ ਕੁੱਝ ਲੋਕ ਸੀਵਰੇਜ ਵਿੱਚ ਗੋਬਰ ਬਗੈਰਾ ਪਾ ਦਿੰਦੇ ਹਨ ਉਹਨਾਂ ਨੂੰ ਵੀ ਸੀਵਰੇਜ ਸਿਸਟਮ ਦਾ ਧਿਆਨ ਦੇਣਾ ਚਾਹੀਦਾ ਹੈ। ਨਗਰ ਪੰਚਾਇਤ ਪ੍ਰਧਾਨ ਨੇ ਜਲਦੀ ਮੁਸਕਲ ਹੱਲ ਕਰਵਾਉਣ ਦਾ ਭਰੋਸਾ ਵੀ ਦਿੱਤਾ।

# ਅਗਰਵਾਲ ਸਭਾ ਵੱਲੋਂ ਸ਼ਹੀਦ ਊਧਮ ਸਿੰਘ ਸਰਕਾਰੀ ਕਾਲਜ ਵਿੱਚ ਹਰਬਲ ਬੂਟੇ ਲਗਾਏ ਗਏ

**ਸੁਨਾਮ/ਵਰਮਾ**



ਅਗਰਵਾਲ ਸਭਾ ਰਜਿ. ਸੁਨਾਮ ਵੱਲੋਂ ਸ਼ਹੀਦ ਊਧਮ ਸਿੰਘ ਸਰਕਾਰੀ ਕਾਲਜ ਵਿੱਚ ਹਰਬਲ ਪਾਰਕ ਦੀ ਸੁੰਦਰਤਾ ਨੂੰ ਵਧਾਉਣ ਅਤੇ ਸਾਫ-ਸੁਥਰਾ ਤੇ ਅਕਸੀਜਨ ਭਰਪੂਰ ਵਾਤਾਵਰਣ ਰੱਖਣ ਲਈ ਹਰਬਲ ਬੂਟੇ ਲਗਾਏ ਗਏ। ਇਸ ਮੌਕੇ ਅਗਰਵਾਲ ਸਭਾ ਦੇ ਪ੍ਰਧਾਨ ਮਨਪ੍ਰੀਤ ਬਾਂਸਲ ਨੇ ਕਿਹਾ ਕਿ ਬੀਤੇ ਸਮੇਂ ਵਿੱਚ ਸਾਡੇ ਦੇਸ਼ ਦਾ ਆਯੁਰਵੇਦ ਬਹੁਤ ਅਮੀਰ ਸੀ ਅਤੇ ਪੁਰਾਣੇ ਵੈਦ-ਹਕੀਮ ਜੜੀਆਂ-ਬੂਟੀਆਂ ਨਾਲ ਹਰੇਕ ਬਿਮਾਰ ਦਾ ਇਲਾਜ ਕਰਦੇ ਸਨ। ਪਰ ਅਸੀਂ ਅੱਜ ਆਯੁਰਵੇਦ ਨੂੰ ਭੁੱਲਦੇ ਜਾ ਰਹੇ ਹਾਂ। ਇਸ ਲਈ ਅੱਜ ਹਰ ਕੋਈ ਸਰੀਰਕ ਤੌਰ ਤੇ ਰੋਗੀ ਹੁੰਦਾ ਜਾ ਰਿਹਾ ਹੈ। ਇਸ ਲਈ ਅੱਜ ਦੇ ਸਮੇਂ ਦੀ ਜਰੂਰਤ ਹੈ ਕਿ ਆਯੁਰਵੈਦ ਨੂੰ ਦੁਬਾਰਾ ਜੀਵਤ ਕਰਨ ਲਈ ਸਾਨੂੰ ਸਾਰਿਆਂ ਨੂੰ ਆਪਣੇ ਘਰਾਂ, ਬਾਗ-ਬਗੀਚਿਆਂ, ਖਾਲੀ ਥਾਵਾਂ ਆਦਿ ਵਿੱਚ ਹਰਬਲ ਬੂਟੇ ਲਗਾਉਣੇ ਚਾਹੀਦੇ ਹਨ। ਤਾਂ ਜੋ ਇਨ੍ਹਾਂ ਬੂਟਿਆਂ ਤੋਂ ਲਾਭ ਪ੍ਰਾਪਤ ਕਰਕੇ ਅਸੀਂ ਨਿਰੋਗ ਰਹੀਏ। ਇਸ ਸਮੇਂ ਕਾਲਜ ਦੇ ਪ੍ਰਿੰਸੀਪਲ ਡਾ ਪਰਮਿੰਦਰ ਸਿੰਘ ਵਿਸ਼ੇਸ਼ ਤੌਰ ਤੇ ਹਾਜ਼ਰ ਸਨ। ਉਨ੍ਹਾਂ ਤੋਂ ਇਲਾਵਾ ਸ਼ਾਮ ਲਾਲ ਸਿੰਗਲਾ, ਰਵੀ ਕਮਲ ਗੋਇਲ, ਵੇਦ ਪ੍ਰਕਾਸ਼ ਹੋਡਲਾ, ਵਿਕਰਮ ਗਰਗ, ਕ੍ਰਿਸ਼ਨ ਸੰਦੋਹਾ, ਰਾਜੀਵ ਬੰਦਲਿਸ਼, ਪ੍ਰਿੰਸੀਪਲ ਦਿਨੇਸ਼ ਗੁਪਤਾ, ਵਾਈਸ ਪ੍ਰਿੰਸੀਪਲ ਅੰਚਲਾ, ਅਸ਼ਵਨੀ ਕੁਮਾਰ, ਜਤਿੰਦਰ ਜੈਨ ਅਤੇ ਹੋਰ ਅਹੁਦੇਦਾਰ ਵੀ ਹਾਜ਼ਰ ਸਨ।



# ਪਿੰਡ ਧਾਰੀਵਾਲ ਵਿਖੇ 'ਆਪ' ਦੀ ਮੀਟਿੰਗ ਨੇ ਰੈਲੀ ਦਾ ਰੂਪ ਧਾਰਿਆ

**ਤਰਨਤਾਰਨ/ਦਿਲਬਾਗ ਸਿੰਘ ਜੌਹਲ**

ਪਿੰਡ ਧਾਲੀਵਾਲ ਵਿਖੇ ਸ: ਗੁਰਲਾਲ ਸਿੰਘ ਸ਼ਾਹ ਦੇ ਗ੍ਰਹਿ ਵਿਖੇ ਭਰਵੀਂ ਮੀਟਿੰਗ ਨੇ ਉਸ ਸਮੇਂ ਰੈਲੀ ਦਾ ਰੂਪ ਧਾਰ ਲਿਆ ਜਦੋਂ ਗੁਰਚਰਨ ਸਿੰਘ ਸ਼ਾਹ, ਗੁਰਪ੍ਰੀਤ ਸਿੰਘ ਜੋਡਨ, ਗੁਰਜੰਟ ਸਿੰਘ ਪ੍ਰਧਾਨ, ਹਰਚੰਦ ਸਿੰਘ ਧਾਰੀਵਾਲ, ਭੁਪਿੰਦਰ ਸਿੰਘ ਅਤੇ ਸੁਖਪਾਲ ਸਿੰਘ ਨੀਟਾ ਜੀ ਦੀ ਪ੍ਰੇਰਨਾ ਸਦਕਾ ਸੈਂਕੜੇ ਪਰਿਵਾਰਾਂ ਨੇ ਹਲਕਾ ਇੰਚਾਰਜ ਲਾਲਜੀਤ ਸਿੰਘ ਭੁੱਲਰ ਦੀ ਅਗਵਾਈ ਚ ਆਮ ਆਦਮੀ ਪਾਰਟੀ ਚ ਸ਼ਾਮਲ ਹੋਏ।ਇਸ ਮੌਕੇ ਪਿੰਡ ਵਾਸੀਆਂ ਨੂੰ ਪਾਰਟੀ ਦੀਆਂ ਨੀਤੀਆਂ ਤੋਂ ਜਾਣੂ ਕਰਵਾਉਂਦੇ ਹੋਏ ਉਨ੍ਹਾਂ ਨੂੰ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਜੀ ਵੱਲੋਂ ਐਲਾਨੀ 300 ਯੂਨਿਟ ਪ੍ਰਤੀ ਮਹੀਨਾ ਮੁਫ਼ਤ ਅਤੇ 24 ਘੰਟੇ ਨਿਰੰਤਰ ਬਿਜਲੀ ਦੇਣ ਦੀ ਗਰੰਟੀ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਇਸ ਸਮੇਂ ਲੋਕਾਂ ਨੂੰ ਵੱਧ ਤੋਂ ਵੱਧ ਬਿਜਲੀ ਗਰੰਟੀ ਦੀ ਰਜਿਸਟਰੇਸ਼ਨ ਕਰਵਾਉਣ ਲਈ ਕਿਹਾ ਗਿਆ ਤਾਂ ਜੋ ਉਹ 2022 ਵਿਚ ਪਾਰਟੀ ਦੀ ਸਰਕਾਰ ਆਉਣ ਤੇ ਸਸਤੀ ਬਿਜਲੀ ਦਾ ਲਾਭ ਉਠਾ ਸਕਣ। ਇਸ ਦੌਰਾਨ ਪਿੰਡ ਵਾਸੀਆਂ ਨੂੰ ਰਵਾਇਤੀ ਪਾਰਟੀਆਂ ਵੱਲੋਂ ਪੰਜਾਬ ਦੀ ਕੀਤੀ ਲੁੱਟ ਅਤੇ ਲੋਕ ਮਾਰੂ ਨੀਤੀਆਂ ਤੋਂ ਜਾਣੂ ਕਰਵਾਇਆ ਅਤੇ ਉਨ੍ਹਾਂ ਨੂੰ ਵਿਸ਼ਵਾਸ ਦਿੱਤਾ ਕਿ ਪਾਰਟੀ ਦੀ ਸਰਕਾਰ ਬਣਦੇ ਹੀ ਉਨ੍ਹਾਂ ਦੇ ਪਿੰਡ ਦਾ ਪਹਿਲ ਦੇ ਅਧਾਰ ਤੇ ਵਿਕਾਸ ਕੀਤਾ ਜਾਵੇਗਾ।ਸ਼ਾਮਲ ਹੋਣ ਵਾਲੇ ਪਰਿਵਾਰਾਂ ਚ ਗੁਰਸਹਿਬ ਸਿੰਘ ਮੈਂਬਰ, ਗਹਿਲ ਸਿੰਘ ਮੈਂਬਰ, ਗੁਰਬਚਨ ਸਿੰਘ ਸਾਬਕਾ ਮੈਂਬਰ, ਇੰਸਪੈਕਟਰ ਮੇਜਰ ਸਿੰਘ, ਬੋਹੜ ਸਿੰਘ, ਤਰਸੇਮ ਸਿੰਘ ਫੌਜੀ, ਨਿਸ਼ਾਨ ਸਿੰਘ ਫੌਜੀ, ਜਥੇਦਾਰ ਕਰਮ ਸਿੰਘ, ਲਖਵਿੰਦਰ ਸਿੰਘ ਫੌਜੀ, ਨਿਰਮਲ ਸਿੰਘ, ਪ੍ਰਗਟ ਸਿੰਘ ਕਲਕੱਤਾ, ਜੁਝਾਰ ਸਿੰਘ, ਕੁਲਵੰਤ ਸਿੰਘ ਸੋਨੂੰ, ਬੂਟਾ ਸਿੰਘ ਕੰਡਕਟਰ, ਅੰਗਰੇਜ ਸਿੰਘ ਬਿਲੂ, ਸੁਖਵਿੰਦਰ ਸਿੰਘ ਸੋਢੀ, ਦਿਲਬਾਗ ਸਿੰਘ, ਬਲਕਰਨਜੀਤ ਸਿੰਘ, ਸਤਨਾਮ ਸਿੰਘ ਆੜ੍ਹਤੀਆ, ਜਥੇਦਾਰ ਮੁਖਤਿਆਰ ਸਿੰਘ, ਗੁਰਭੇਜ ਸਿੰਘ ਰੱਬ, ਰਾਮ ਸਿੰਘ, ਪਲਵਿੰਦਰ ਸਿੰਘ ਪਿਦਾ, ਕੇ ਪੀ ਸਿੰਘ, ਬਿੱਕਰ ਸਿੰਘ, ਹਰਪ੍ਰੀਤ ਸਿੰਘ ਪ੍ਰਧਾਨ, ਬਿਕਰ ਸਿੰਘ ਪ੍ਰਧਾਨ, ਗਿਆਨ ਸਿੰਘ ਪ੍ਰਧਾਨ, ਕੈਪਟਨ ਸਲਵਿੰਦਰ ਸਿੰਘ ਪ੍ਰਧਾਨ, ਜੀਵਨ ਸਿੰਘ ਪ੍ਰਧਾਨ, ਸੁਖਾ ਸਿੰਘ, ਬਾਪੂ ਮੰਗਲ ਸਿੰਘ, ਬਲਬੀਰ ਸਿੰਘ ਦਰਜੀ, ਗੁਰਪ੍ਰੀਤ ਸਿੰਘ ਬੌਬੀ, ਸਤਨਾਮ ਸਿੰਘ ਸੱਤਾ, ਬਾਬਾ ਬਿੰਦਰ ਸਿੰਘ, ਅਰਜਨ ਸਿੰਘ, ਮਨਦੀਪ ਸਿੰਘ, ਸੂਬੇਦਾਰ ਯੋਧਾ ਸਿੰਘ ਅਤੇ ਕੈਪਟਨ ਲਾਲੀ ਸ਼ਾਮਲ ਹੋਏ ਪਰਿਵਾਰਾਂ ਦਾ ਸਵਾਗਤ ਕਰਦਿਆਂ ਭੁੱਲਰ ਨੇ ਕਿਹਾ ਕਿ ਹਰੇਕ ਵਰਕਰ ਨੂੰ ਪਾਰਟੀ ਚ ਬਣਦਾ ਮਾਣ ਸਤਿਕਾਰ ਦਿੱਤਾ ਜਾਵੇਗਾ ਭੁੱਲਰ ਨੇ ਰਵਾਇਤੀ ਪਾਰਟੀਆਂ ਤੇ ਤੱਜ ਕੱਸਦਿਆਂ ਕਿਹਾ ਕਿ ਕਿਸਾਨੀ ਖਿਲਾਫ ਕਾਲੇ ਕਾਨੂੰਨ ਰਵਾਇਤੀ ਪਾਰਟੀਆਂ ਦੇਣ ਆ ਕਿਸਾਨੀ ਅੰਦੋਲਨ ਖਿਲਾਫ ਲੜਨ ਵਾਲੇ ਕਰੀਬ ਛੇ ਸੌ ਉਪਰ ਸ਼ਹੀਦ ਕਿਸਾਨਾਂ ਦੀ ਗਿਣਤੀ ਹੋ ਚੁੱਕੀ ਆ ਮੋਦੀ ਸਰਕਾਰ ਕਾਰਪੋਰੇਟ ਘਰਾਣਿਆਂ ਨੂੰ ਲਾਭ ਪਹੁੰਚਾਉਣ ਲਈ ਦੇਸ਼ ਦੇ ਲੋਕਾਂ ਦੀ ਬਲੀ ਦੇ ਰਹੀ ਅਕਾਲੀ-ਭਾਜਪਾ ਤੇ ਕਾਗਰਸ ਅੰਦਰੋਂ ਸਭ ਮਿਲੇ ਹੋਏ ਇਹਨਾਂ ਸਾਰਿਆਂ ਨੇ ਕਿਸਾਨੀ ਬਿੱਲ ਪਾਸ ਕਰਵਾਉਣ ਲਈ ਦਸਤਖਤ ਕੀਤੇ ਆ ਹੁਣ ਵੋਟਾਂ ਬਟੋਰਨ ਤੇ ਝੂਠੀ ਰਾਜਨੀਤੀ ਕਰਕੇ ਮਗਰਮੱਛ ਦੇ ਹੰਝੂ ਵਹਾ ਰਹੇ ਹਨ।

# ਸ਼੍ਰੋਮਣੀ ਅਕਾਲੀ ਦਲ, ਬਹੁਜਨ ਸਮਾਜ ਪਾਰਟੀ ਅਤੇ ਕਾਂਗਰਸ ਪਾਰਟੀ ਨੂੰ ਵੱਡਾ ਝਟਕਾ : ਔਲਖ



**ਤਰਨਤਾਰਨ/ਦਿਲਬਾਗ ਸਿੰਘ ਜੌਹਲ**

ਹਲਕਾ ਖਡੂਰ ਸਾਹਿਬ ਤੋਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਸ੍ਰ. ਗੁਰਸੇਵਕ ਸਿੰਘ ਔਲਖ ਦੀ ਅਗਵਾਈ ਵਿੱਚ ਕਸਬਾ ਖਡੂਰ ਸਾਹਿਬ ਤੋਂ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਅਨੇਕਾਂ ਪਰਿਵਾਰਾਂ ਸਮੇਤ ਕਾਂਗਰਸ ਤੇ ਬਹੁਜਨ ਸਮਾਜ ਪਾਰਟੀ ਨੂੰ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਸਾਮਲ ਹੋਏ ਇਸ ਮੌਕੇ ਸਾਮਲ ਹੋਏ ਪਰਿਵਾਰਾਂ ਦੁਆਰਾ ਦੱਸਿਆ ਗਿਆ ਕਿ ਪਿਛਲੇ ਸਮੇਂ ਦੌਰਾਨ ਰਿਵਾਇਤੀ ਪਾਰਟੀ ਨੇ ਜੋ ਪੰਜਾਬ ਦੀ ਜਵਾਨੀ ਕਿਸਾਨੀ ਮਜਦੂਰਾਂ ਕਿਰਤੀਆਂ ਨਾਲ ਝੂਠੇ ਵਾਅਦੇ ਕਰਕੇ ਧੋਖੇ ਵਿੱਚ ਰੱਖਿਆ ਗਿਆ ਸੀ ਅਤੇ ਉਨ੍ਹਾਂ ਨੂੰ ਉਹ ਆਰਥਿਕ ਤੇ ਸਮਾਜਿਕ ਪੱਖੋਂ ਲੁੱਟਿਆ ਗਿਆ ਸੀ ਤਿੰਨਾਂ ਪਾਰਟੀਆਂ ਤੋਂ ਤੰਗ ਆ ਕੇ ਅਸੀਂ ਆਮ ਆਦਮੀ ਪਾਰਟੀ ਵਿੱਚ ਸਾਮਲ ਹੋਏਆ ਹੁਣ ਪੰਜਾਬ ਨੂੰ ਬਚਾਉਣ ਲਈ ਸਿਰਫ ਇਕੋ ਇਕ ਆਸ ਦੀ ਕਿਰਨ ਹੈ ਜੋ ਕਿ ਆਮ ਆਦਮੀ ਪਾਰਟੀ ਹੈ ਪਰਿਵਾਰਾਂ ਨੇ ਦੱਸਿਆ ਕਿ 2022 ਵਿੱਚ ਤਨੋ ਮਨੋ ਅਤੇ ਧੰਨੋ ਆਮ ਆਦਮੀ ਪਾਰਟੀ ਤੇ ਨਾਲ ਡਟ ਕੇ ਸਾਥ ਦੇਵਾਂਗੇ ਅਤੇ ਹਲਕਾ ਖਡੂਰ ਸਾਹਿਬ ਤੋਂ ਆਮ ਆਦਮੀ ਪਾਰਟੀ ਨੂੰ ਵੱਡੀ ਲੀਡ ਨਾਲ ਜਿਤਾਵਾਂਗੇ ਅਤੇ ਅਤੇ ਸ੍ਰ. ਗੁਰਸੇਵਕ ਸਿੰਘ ਔਲਖ ਦੇ ਨਾਲ ਮੋਢੇ ਦੇ ਨਾਲ ਮੋਢਾ ਜੋੜ ਕੇ ਚਟਾਨ ਵਾਂਗ ਖੜਾਂਗੇ ਇਸ ਦੌਰਾਨ ਗੁਰਸੇਵਕ ਸਿੰਘ ਔਲਖ ਵਲੋ ਸਾਮਿਲ ਹੋਏ ਪਰਿਵਾਰਾ ਦਾ ਧੰਨਵਾਦ ਕੀਤਾ ਗਿਆ ਤੇ ਵਿਸਵਾਸ ਦਵਾਇਆ ਗਿਆ ਕਿ ਉਹ ਪਾਰਟੀ ਤੇ ਹਲਕੇ ਦੀ ਸੰਗਤ ਦੀਆ ਉਮੀਦਾ ਤੇ ਖਰੇ ਉਤਰਨਗੇ। ਤੇ ਖਡੂਰ ਸਾਹਿਬ ਦੀ ਸੀਟ ਵੱਡੀ ਲੀਡ ਨਾਲ ਜਿੱਤਕੇ ਪਾਰਟੀ ਦੀ ਝੋਲੀ ਪਾਉਣਗੇ। ਇਸ ਦੌਰਾਨ ਨਿਸਾਨ ਸਿੰਘ ਕਲ੍ਹਾ, ਬਲਕਾਰ ਸਿੰਘ ਫੌਜੀ, ਸਰਬਜੀਤ ਸਿੰਘ ਲਾਲਪੁਰਾ, ਸੁਖਦੇਵ ਸਿੰਘ ਲਾਲਪੁਰਾ, ਪਰਮਜੀਤ ਸਿੰਘ ਕਲ੍ਹਾ, ਕੁਲਵੰਤ ਸਿੰਘ, ਦਿਲਬਾਗ ਸਿੰਘ, ਕਾਰਜ ਸਿੰਘ, ਅਮਰੀਕ ਸਿੰਘ, ਨਿੰਦਰ ਸਿੰਘ, ਸੁੱਖਾ ਸਿੰਘ, ਤੇ ਬਲਾਕ ਪ੍ਰਧਾਨ ਰਣਜੀਤ ਸਿੰਘ ਪਵਾਰ, ਹਰਪ੍ਰੀਤ ਸਿੰਘ ਸੰਧੂ ਫੌਜੀ, ਹਰਜਿੰਦਰਪਾਲ ਸਿੰਘ ਹਾਜਿਰ ਸਨ।

# ਜਿਲ੍ਹਾ ਸਿਖਿਆ ਅਫਸਰ ਮਦਨ ਲਾਲ ਵੱਲੋਂ ਸਕੂਲਾਂ ਦੀ ਕੀਤੀ ਅਚਨਚੇਤ ਚੈਕਿੰਗ



**ਗੁਰਦਾਸਪੁਰ-ਨਵਨੀਤ ਕੁਮਾਰ/ਮੰਗੋਤਰਾ ਸਾਬ**

ਜਿਲ੍ਹਾ ਸਿਖਿਆ ਅਫਸਰ ਗੁਰਦਾਸਪੁਰ ਮਦਨ ਲਾਲ ਸਰਮਾ ਵੱਲੋਂ ਬਲਾਕ ਦੋਰਾਂਗਲਾ ਅਧੀਨ ਆਉਂਦੇ ਵੱਖ-ਵੱਖ ਸਕੂਲਾਂ ਦੀ ਅੱਜ ਅਚਨਚੇਤ ਚੈਕਿੰਗ ਕੀਤੀ ਗਈ । ਇਸ ਸਮੇਂ ਉਹਨਾ ਸਰਕਾਰੀ ਪ੍ਰਾਇਮਰੀ ਚੌਤਰਾ, ਇਸਲਾਮਪੁਰ, ਸਮਸੇਰਪੁਰ, ਨੌਸਿਹਰਾ ਸੁਲਤਾਨੀ, ਝਬਕਰਾ, ਜੋਗਰ, ਮਕੌੜਾ, ਐਮਾ ਆਦਿ ਵਿੱਚ ਪਹੁੰਚ ਕੇ ਸਕੂਲ ਦੇ ਪ੍ਰਬੰਧਾਂ ਦਾ ਜਾਇਜਾ ਲਿਆ ਗਿਆ , ਇਸ ਤੋਂ ਇਲਾਵਾ ਉਹਨਾ ਸਕੂਲ ਅਧਿਆਪਕਾਂ ਅਤੇ ਬੱਚਿਆਂ ਦੀ ਹਾਜ਼ਰੀ ਨੂੰ ਚੈੱਕ ਕੀਤਾ ,ਸਵੇਰ ਦੀ ਸਭਾ ,ਐੱਨ ਏ ਐੱਸ ,ਸਫਾਈ,ਅਨੁਸਾਸਨ ਸਬੰਧੀ ਵਿਸਥਾਰ ਪੂਰਵਕ ਜਾਣਕਾਰੀ ਹਾਸਲ ਕੀਤੀ,ਅਤੇ ਅਧਿਆਪਕਾਂ ਨੂੰ ਸਕੂਲ ਪ੍ਰਬੰਧਾਂ ਨੂੰ ਲੈ ਕੇ ਤਰੁਟੀਆਂ ਨੂੰ ਦੂਰ ਕਰਨ ਲਈ ਪ੍ਰੇਰਿਤ ਕੀਤਾ ਗਿਆ । ਇਸ ਸਮੇਂ ਸਕੂਲ ਪ੍ਰਬੰਧਾਂ ਨੂੰ ਲੈ ਕੇ ਤਸੱਲੀ ਪਾਈ ਗਈ । ਇਸ ਸਮੇਂ ਸੀ ਐੱਚ ਟੀ ਹੀਰਾ ਸਿੰਘ ਵਜੀਰਪੁਰ ਅਫਗਾਨਾ, ਕਲਰਕ ਪੰਕਜ ਕੁਮਾਰ ਮੌਜੂਦ ਸਨ ।

# ਬਟਾਲੇ ਨੂੰ ਜ਼ਿਲ੍ਹਾ ਬਣਾਉਣ ਦੇ ਰੋਸ ਵਜੋਂ ਬਾਰ ਐਸੋਸੀਏਸ਼ਨ ਅਤੇ ਵਪਾਰ ਮੰਡਲ ਨੇ ਰਲ ਕੇ ਕੀਤਾ ਰੋਸ ਪ੍ਰਦਰਸ਼ਨ





**ਗੁਰਦਾਸਪੁਰ-ਨਵਨੀਤ ਕੁਮਾਰ**

ਬਟਾਲਾ ਸ਼ਹਿਰ ਨੂੰ ਨਵਾਂ ਜ਼ਿਲ੍ਹਾ ਬਣਾਉਣ ਦੇ ਰੋਸ ਵਜੋਂ ਅੱਜ ਗੁਰਦਾਸਪੁਰ ਵਿੱਚ ਬਾਰ ਐਸੋਸੀਏਸ਼ਨ ਅਤੇ ਵਪਾਰ ਮੰਡਲ ਦੇ ਅਹੁਦੇਦਾਰਾਂ ਨੇ ਸ਼ਹਿਰ ਵਿਚ ਰੋਸ ਮਾਰਚ ਕਰਕੇ ਪੰਜਾਬ ਸਰਕਾਰ ਦੇ ਖਿਲਾਫ ਪ੍ਰਦਰਸ਼ਨ ਕੀਤਾ। ਇਸ ਮੌਕੇ ਤੇ ਨਗਰ ਕੌਂਸਲ ਦੇ ਪ੍ਰਧਾਨ ਐਡਵੋਕੇਟ ਬਲਜੀਤ ਸਿੰਘ ਪਾਹੜਾ ਵੀ ਇਸ ਰੋਸ ਮਾਰਚ ਵਿਚ ਸ਼ਾਮਲ ਹੋਏ ਅਤੇ ਕਿਹਾ ਕਿ ਜੇਕਰ ਪੰਜਾਬ ਸਰਕਾਰ ਨੇ ਆਪਣੇ ਇਸ ਫੈਸਲੇ ਨੂੰ ਨਾ ਬਦਲਿਆ ਤਾਂ ਆਉਣ ਵਾਲੇ ਸਮੇਂ ਵਿੱਚ ਉਹ ਵੱਡਾ ਸੰਘਰਸ਼ ਵਿੱਢਣ ਲਈ ਮਜਬੂਰ ਹੋਣਗੇ। ਇਸ ਸਬੰਧੀ ਜਾਣਕਾਰੀ ਦਿੰਦਿਆਂ ਬਾਰ ਐਸੋਸੀਏਸ਼ਨ ਦੇ ਅਹੁਦੇਦਾਰਾਂ ਅਤੇ ਨਗਰ ਕੌਂਸਲ ਦੇ ਪ੍ਰਧਾਨ ਬਲਜੀਤ ਸਿੰਘ ਪਾਹੜਾ ਨੇ ਕਿਹਾ ਕਿ ਗੁਰਦਾਸਪੁਰ ਜ਼ਿਲ੍ਹਾ ਇੱਕ ਇਤਿਹਾਸਕ ਜ਼ਿਲ੍ਹਾ ਹੈ ਅਤੇ ਇਹ ਸਾਜ਼ਿਸ਼ਾਂ ਤਹਿਤ ਇਸ ਜ਼ਿਲ੍ਹੇ ਦੇ ਦੋ ਟੁਕੜੇ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਜੇਕਰ ਬਟਾਲਾ ਸ਼ਹਿਰ ਨੂੰ ਜ਼ਿਲ੍ਹਾ ਬਣਾਇਆ ਜਾਂਦਾ ਹੈ ਤਾਂ ਵੱਡੇ ਪੱਧਰ ਤੇ ਗੁਰਦਾਸਪੁਰ ਸ਼ਹਿਰ ਦਾ ਵਿਕਾਸ ਪੱਖੀ ਨੁਕਸਾਨ ਹੋਵੇਗਾ ਅਤੇ ਇਤਿਹਾਸਕ ਜ਼ਿਲ੍ਹਾ ਅਣਗੌਲਿਆ ਜਾਵੇਗਾ।

# ਗਾਇਕ ਕੁਲਬੀਰ ਮੋਹਾਲੀ ਦੇ ਗਾਣੇ ਵੱਖਰਾ ਸਵੈਗ ਨੂੰ ਸਰੋਤਿਆਂ ਵੱਲੋਂ ਮਿਲ ਰਿਹਾ ਭਰਵਾਂ ਹੁੰਗਾਰਾ

**ਮੋਗਾ/ਦਵਿੰਦਰ ਸਿੰਘ ਬਿੱਟੂ**

ਪੰਜਾਬੀ ਲੋਕ ਗਾਇਕ ਕੁਲਬੀਰ ਮੋਹਾਲੀ ਦਾ "ਤੇਰੇ ਸੂਟਾਂ ਦਾ ਏ, ਵੱਖਰਾ ਸਵੈਗ ਨੀ" ਸਰੋਤਿਆਂ ਦੀ ਕਚਹਿਰੀ ਵਿੱਚ ਪੇਸ਼ ਕਰ ਦਿੱਤਾ ਗਿਆ ਹੈ ।ਉਹਨਾਂ ਦਾ ਇਹ ਗਾਣਾ ਸਰੋਤਿਆਂ ਵੱਲੋਂ ਬਹੁਤ ਪਸੰਦ ਕੀਤਾ ਜਾ ਰਿਹਾ ਹੈਂ। ਇਸ ਗਾਣੇ ਦਾ ਸੰਗੀਤ ਮਨੀ ਬਚਨ ਨੇ ਕੀਤਾ ਹੈ। ਇਸ ਦੀ ਵੀਡੀਓ ਬਨੀ ਸੁਰੀਲਾ ਨੇ ਬਹੁਤ ਮਿਹਨਤ ਨਾਲ ਤਿਆਰ ਕੀਤੀ ਹੈ ਅਤੇ ਲਿਖਿਆ ਹਰਜਿੰਦਰ ਚੱਕ ਕੰਨੀਆਂ ਨੇ ਹੈ । ਇਹ ਪ੍ਰਾਜੈਕਟ ਸੈਨੇਟਰੈਸਟ ਪ੍ਰੋਡਕਸਨ ਦੇ ਲੇਬਲ ਤੌਂ ਰਿਲੀਜ਼ ਕੀਤਾ ਗਿਆ ਹੈ ।ਗਾਣੇ ਸਬੰਧੀ ਪੱਤਰਕਾਰਾਂ ਨਾਲ ਜਾਣਕਾਰੀ ਸਾਂਝੀ ਕਰਦਿਆਂ ਗਾਇਕ ਕੁਲਬੀਰ ਮੋਹਾਲੀ ਨੇ ਸਾਰੀ ਟੀਮ ਨੂੰ ਵਧਾਈ ਦਿੰਦਿਆਂ ਕਿਹਾ ਹੈ ਕਿ ਉਹ ਭਵਿੱਖ ਵਿਚ ਵੀ ਇਸੇ ਤਰਾਂ ਹੋਰ ਨਵੇਂ ਗਾਣੇ ਪੇਸ਼ ਕਰਦੇ ਰਹਿਣਗੇ।




# ਵਿਸ਼ਵ ਸਾਖਰਤਾ ਦਿਵਸ ਹਰ ਸਾਲ 8 ਸਤੰਬਰ ਨੂੰ ਰਾਸ਼ਟਰੀ ਅਤੇ ਅੰਤਰ ਰਾਸ਼ਟਰੀ ਦਿਨ ਦੇ ਰੂਪ ਵਿੱਚ ਮਨਾਇਆ



**ਪਟਿਆਲਾ/ਜਗਦੀਸ ਰਾਈਕਾ**

ਇਲੀਟ ਚੈਰੀਟੇਬਲ ਕਲੱਬ ਦੀ ਤਰਫ ਤੋਂ ਵੀ 8 ਸਤੰਬਰ ਨੂੰ ਵਿਸ਼ਵ ਸਾਖਰਤਾ ਦਿਵਸ ਮਨਾਇਆ ਗਿਆ। ਜਿਸ ਵਿੱਚ ਸਪੀਚ, ਕਵਿਤਾ ਅਤੇ ਨਾਟਕ ਦੁਆਰਾ ਬੱਚਿਆਂ ਨੂੰ ਸਿੱਖਿਆ ਪ੍ਰਤੀ ਜਾਗਰੂਕ ਕੀਤਾ ਗਿਆ। ਇਸਦੇ ਨਾਲ ਬੱਚਿਆਂ ਨੂੰ ਗਿਫਟ ਵੀ ਵੰਡੇ ਗਏ। ਕਲੱਬ ਦੀ ਪ੍ਰਧਾਨ ਡਾ. ਗੁਨਪ੍ਰੀਤ ਕੋਹਲੀ ਨੇ ਦੱਸਿਆ ਕਿ ਅੱਗੇ ਤੋਂ ਵੀ ਇਹੋ ਜਿਹੇ ਪ੍ਰੋਗਰਾਮ ਕਰਵਾਉਂਦੇ ਰਹਿਣਗੇ। ਇਸ ਮੌਕੇ ਕਲੱਬ ਦੇ ਸਾਰੇ ਮੈਂਬਰ ਰਾਖੀ, ਪਰਮਜੀਤ, ਗੁਰਬਲ, ਟੀਨਾ, ਰੁਚੀ, ਮੇਘਨਾ, ਰਾਖੀ, ਪਰਮਜੀਤ, ਦੀਕਸ਼ਾ, ਗਗਨ, ਸੁਰਿੰਦਰ, ਸਿੰਮੀ, ਰੇਣੂ, ਮਮਤਾ, ਦੀਕਸ਼ਾ, ਗਗਨ, ਸੁਰਿੰਦਰ, ਅਲਕਾ, ਸੁਖਵਿੰਦਰ, ਸ਼ਵੇਤਾ, ਗੁਰਪ੍ਰੀਤ, ਮਿਲੀ, ਮੰਜੂ ਆਦਿ ਸ਼ਾਮਿਲ ਸਨ।

# ਯਾਦਗਾਰੀ ਹੋ ਨਿੱਬੜਿਆ ਬਾਬਾ ਵੰਣ ਪੀਰ ਦਾ ਦੋ ਰੋਜ਼ਾ ਸਲਾਨਾ ਜੋੜ ਮੇਲਾ

**ਮਮਦੋਟ/ਹਰਪ੍ਰੀਤ ਸਿੰਘ ਹੈਪੀ**





ਹਰ ਸਾਲ ਲੱਗਣ ਵਾਲਾ ਬਾਬਾ ਵਣ ਪੀਰ ਜੀ ਦਾ ਦੋ ਰੋਜ਼ਾ 9 ਵਾਂ ਸਲਾਨਾ ਜੋੜ ਮੇਲਾ ਯਾਦਗਾਰੀ ਹੋ ਨਿੱਬੜਿਆ। ਜਿਸ ਵਿੱਚ ਮੰਗਲਵਾਰ ਸਮਾਗਮ ਦੌਰਾਨ ਆਮ ਆਦਮੀ ਪਾਰਟੀ ਤੋ ਸੀਨੀਅਰ ਨੇਤਾ ਅਮਰਦੀਪ ਸਿੰਘ ਆਸ਼ੂ ਬੰਗੜ ਨੇ ਆਪਣੇ ਟੀਮ ਮੈਂਬਰ ਬਲਰਾਜ ਸਿੰਘ ਸੰਧੂ, ਬਲਜਿੰਦਰ ਸਿੰਘ ਥਿੰਦ, ਕਮਲ ਗਿੱਲ ਸੋਨੂੰ, ਅਮਨਦੀਪ ਸਿੰਘ ਧਾਲੀਵਾਲ ਨਿੱਜੀ ਸਕੱਤਰ ਆਸ਼ੂ ਬੰਗੜ, ਰਾਜ ਕੁਮਾਰ ਨਾਰੰਗ, ਕਰਨ ਕੰਬੋਜ ਦੱਫਤਰ ਸਕੱਤਰ, ਰਮਨਦੀਪ ਧਾਲੀਵਾਲ, ਵਿੱਕੀ ਸਵਾਮੀ, ਮੰਨਕਰਨ ਸੰਧੂ ਸਮੇਤ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਮੇਲਾ ਪ੍ਰਬੰਧਕ ਕਮੇਟੀ ਵੱਲੋਂ ਅਮਰਦੀਪ ਸਿੰਘ ਆਸ਼ੂ ਬੰਗੜ ਤੇ ਸਮੁੱਚੀ ਟੀਮ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਪੰਜਾਬ ਦੇ ਪ੍ਰਸਿੱਧ ਗਾਇਕ ਘੁੱਲਾ ਸਿਰਹਾਲੇ ਵਾਲਾ ਨੇ ਪੀਰ ਬਾਬਾ ਦੇ ਮਿੱਠੜੀ ਅਵਾਜ਼ ਵਿੱਚ ਭਜਨਾ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਮੁੱਖ ਸੇਵਾਦਾਰ ਬਾਬਾ ਰਾਮ ਲਾਲ, ਸੋਨੂੰ ਸੁਨਿਆਰਾ, ਸੁਮਿਤ ਮਦਾਨ, ਗੁਰਪ੍ਰੀਤ ਸੋਨੀ, ਸੁਰਿੰਦਰ ਪਾਲ ਸਬਰਵਾਲ, ਬਾਬਾ ਬੋਹੜ ਸ਼ਾਹ, ਅੱਲ੍ਹਾ, ਕੁਲਦੀਪ ਸੋਨੀ, ਸ਼ਾਲੂ, ਮਹਿੰਦਰ ਸਿੰਘ, ਮੰਗਾ ਸਵਾਮੀ,ਸਰਬਜੀਤ ਸਿੰਘ, ਜੱਜ, ਅੰਕੁਸ਼ ਸ਼ਰਮਾ, ਲਵਪ੍ਰੀਤ ਤੋ ਇਲਾਵਾ ਹੋਰ ਵੀ ਪਤਵੰਤੇ ਹਾਜ਼ਰ ਸਨ।

# ਸਰਕਾਰੀ ਸਨਮਾਨਾਂ ਨਾਲ ਫ਼ੌਜੀ ਦਾ ਹੋਇਆ ਅੰਤਿਮ ਸੰਸਕਾਰ



**ਮਮਦੋਟ/ਹਰਪ੍ਰੀਤ ਸਿੰਘ ਹੈਪੀ :** ਬਲਾਕ ਮਮਦੋਟ ਅਧੀਨ ਪਿੰਡ ਦੋਨਾ ਮੱਤੜ ਹਿਠਾੜ (ਗਜਨੀ ਵਾਲਾ) ਦੇ ਇਕ ਫੌਜੀ ਜਵਾਨ ਦੀ ਪੀਲੀਏ ਕਾਰਨ ਮੌਤ ਹੋ ਜਾਣ ਤੋ ਬਾਅਦ ਅੱਜ ਉਸਦਾ ਅੰਤਿਮ ਸੰਸਕਾਰ ਉਸ ਦੇ ਜੱਦੀ ਪਿੰਡ ਵਿਖੇ ਕਰ ਦਿੱਤਾ ਗਿਆ। ਜਾਣਕਾਰੀ ਦਿੰਦੇ ਫੌਜੀ ਸੋਨਾ ਸਿੰਘ (25 ਸਾਲ) ਦੇ ਪਿਤਾ ਦਿਆਲ ਸਿੰਘ ਨੇ ਦੱਸਿਆ ਕਿ ਕਰੀਬ 6 ਸਾਲ ਪਹਿਲਾਂ ਹੀ ਜੂਨ 2015 ਵਿਚ ਸੋਨਾ ਸਿੰਘ ਫੌਜ ਵਿਚ ਭਰਤੀ ਹੋਇਆ ਸੀ। ਉਸ ਦੀ ਦੋ ਸਾਲ ਪਹਿਲਾਂ ਰਾਸ਼ਟਰੀ ਰਾਈਫਲ ਰੈਜੀਮੈਂਟ ਜੰਮੂ-ਕਸ਼ਮੀਰ ਵਿਚ ਪੋਸਟਿੰਗ ਹੋ ਗਈ। ਉਹ ਡਿਊਟੀ ਲਈ ਜੰਮੂ-ਕਸ਼ਮੀਰ ਗਿਆ ਸੀ ਪਰ ਡਿਊਟੀ 'ਤੇ ਪਹੁੰਚਣ ਮਗਰੋਂ ਉਸ ਨੂੰ ਪੀਲੀਆ ਹੋ ਗਿਆ ਜਿਸ ਕਾਰਨ ਉਸ ਦੇ ਗੁਰਦੇ ਤੇ ਲੀਵਰ ਖਰਾਬ ਹੋ ਗਏ, ਜਿਸ ਨੂੰ ਇਲਾਜ ਲਈ ਪਹਿਲਾ ਯੂਨਿਟ ਵਿਚ ਫਿਰ ਆਰਮੀ ਹਸਪਤਾਲ ਫਿਰੋਜ਼ਪੁਰ ਵਿਖੇ ਦਾਖਲ ਕਰਵਾਇਆ। ਬੀਤੇ ਕੱਲ ਫੌਜੀ ਦੀ ਬੀਮਾਰੀ ਨਾਲ ਲੜ੍ਹਦੇ ਹੋਏ ਮੌਤ ਹੋ ਗਈ ।ਨੌਜਵਾਨ ਸਿਪਾਹੀ ਸੋਨਾ ਸਿੰਘ ਦੀ ਮੌਤ ਨਾਲ ਪਰਿਵਾਰ ਅਤੇ ਇਲਾਕੇ ਵਿਚ ਸੋਗ ਦੀ ਲਹਿਰ ਦੌੜ ਗਈ। ਇਸ ਮੌਕੇ ਮ੍ਰਿਤਕ ਦੇ ਪਰਿਵਾਰਿਕ ਮੈਂਬਰਾਂ ਅਤੇ ਇਲਾਕੇ ਦੇ ਪਤਵੰਤਿਆਂ ਨੇ ਪੰਜਾਬ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਕੋਲੋਂ ਮੰਗ ਕੀਤੀ ਕਿ ਫੌਜੀ ਸੋਨਾ ਸਿੰਘ ਦੀ ਮੌਤ 'ਤੇ ਪਰਿਵਾਰ ਨੂੰ ਬਣਦੀਆਂ ਸਹੂਲਤਾਂ ਦੇਣ ਤੋਂ ਇਲਾਵਾ ਪਰਿਵਾਰ ਦੇ ਮੈਂਬਰ ਨੂੰ ਸਰਕਾਰੀ ਨੌਕਰੀ ਵੀ ਦਿੱਤੀ ਜਾਵੇ ।

# ਸਰਕਾਰੀ ਆਈ.ਟੀ.ਆਈ. ਗਿੱਲ ਰੋਡ ਵਿਖੇ 7ਵੇਂ ਮੈਗਾ ਰੋਜ਼ਗਾਰ ਮੇਲੇ ਦਾ ਆਗਾਜ਼ ਅੱਜ

**ਲੁਧਿਆਣਾ/ਸੁਖਚੈਨ ਮਹਿਰਾ, ਜਤਿੰਦਰ ਕੁਮਾਰ, ਕਰਨ ਅਗਰਵਾਲ**

ਵਧੀਕ ਡਿਪਟੀ ਕਮਿਸ਼ਨਰ (ਵਿਕਾਸ)-ਕਮ-ਸੀ.ਈ.ਓ. ਜਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ, ਲੁਧਿਆਣਾ ਸ਼੍ਰੀ ਅਮਿਤ ਕੁਮਾਰ ਪੰਚਾਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਸਰਕਾਰ ਦੇ 'ਘਰ-ਘਰ ਰੋਜ਼ਗਾਰ ਤੇ ਕਾਰੋਬਾਰ' ਮਿਸ਼ਨ ਤਹਿਤ ਕੱਲ 09 ਸਤੰਬਰ ਤੋਂ 17 ਸਤੰਬਰ ਤੱਕ 7ਵੇਂ ਰਾਜ ਪੱਧਰੀ ਮੈਗਾ ਰੋਜ਼ਗਾਰ ਮੇਲੇ ਦਾ ਆਯੋਜਨ ਕੀਤਾ ਜਾ ਰਿਹਾ ਹੈ।

ਉਨ੍ਹਾਂ ਦੱਸਿਆ ਕਿ ਕੱਲ 09 ਸਤੰਬਰ ਨੂੰ ਪਹਿਲਾ ਰੋਜ਼ਗਾਰ ਮੇਲਾ ਸਰਕਾਰੀ ਆਈ.ਟੀ.ਆਈ., ਗਿੱਲ ਰੋਡ 'ਤੇ, ਦੂਸਰਾ ਮੇਲਾ 13 ਸਤੰਬਰ ਨੂੰ ਗੁਲਜ਼ਾਰ ਗਰੁੱਪ ਆਫ਼ ਇੰਸਟੀਚਿਊਟ ਖੰਨਾ ਵਿੱਚ, ਤੀਸਰਾ 15 ਸਤੰਬਰ ਨੂੰ ਐਸ.ਆਰ.ਐਸ. ਸਰਕਾਰੀ ਪੌਲੀਟੈਕਨਿਕ ਕਾਲਜ਼ ਆਫ਼ ਗਰਲਜ਼ ਅਤੇ ਆਖਰੀ ਮੇਲਾ 17 ਸਤੰਬਰ ਨੂੰ ਸੀ.ਆਈ.ਸੀ.ਯੂ. ਫੋਕਲ ਪੁਆਇੰਟ ਵਿਖੇ ਆਯੋਜਿਤ ਕੀਤਾ ਜਾਵੇਗਾ।

ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਨ੍ਹਾਂ ਸਾਰੇ ਰੋਜ਼ਗਾਰ ਮੇਲਿਆਂ ਦਾ ਸਮਾਂ ਸਵੇਰੇ 10 ਤੋਂ ਸ਼ਾਮ 4 ਵਜੇ ਤੱਕ ਹੋਵੇਗਾ।

ਉਨ੍ਹਾ ਅੱਗੇ ਕਿਹਾ ਕਿ ਲੁਧਿਆਣਾ ਜ਼ਿਲ੍ਹੇ ਵਿੱਚ ਲੱਗਣ ਵਾਲੇ ਇਸ ਸੱਤਵੇਂ ਰਾਜ ਪੱਧਰੀ ਮੈਗਾ ਰੋਜ਼ਗਾਰ ਮੇਲਿਆ ਦਾ ਆਯੋਜਨ ਕੋਵਿਡ-19 ਸਬੰਧੀ ਜਾਰੀ ਹਦਾਇਤਾਂ ਦੀ ਪਾਲਣਾ ਕਰਦਿਆਂ ਕੀਤਾ ਜਾਵੇਗਾ। ਵਧੀਕ ਡਿਪਟੀ ਕਮਿਸ਼ਨਰ ਵਲੋਂ ਵੱਧ ਤੋਂ ਵੱਧ ਉਮੀਦਵਾਰਾਂ ਨੂੰ ਰੋਜ਼ਗਾਰ ਮੇਲਿਆਂ ਵਿੱਚ ਭਾਗ ਲੈਣ ਦੀ ਅਪੀਲ ਕੀਤੀ ਗਈ ਹੈ। ਸ਼੍ਰੀ ਨਵਦੀਪ ਸਿੰਘ (ਡਿਪਟੀ ਸੀ.ਈ.ਓ.) ਅਤੇ ਸ਼੍ਰੀ ਘਣਸ਼ਿਆਮ (ਪਲੇਸਮੈਂਟ ਅਫਸਰ) ਜਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਲੁਧਿਆਣਾ ਨੇ ਦੱਸਿਆ ਕਿ ਇਨ੍ਹਾਂ ਚਾਰ ਰੋਜ਼ਗਾਰ ਮੇਲਿਆਂ ਵਿੱਚ 17 ਹਜ਼ਾਰ ਨੌਕਰੀਆਂ ਦੀ ਪੇਸ਼ਕਸ਼ ਕੀਤੀ ਜਾਵੇਗੀ ਅਤੇ ਨੌਜਵਾਨਾਂ ਨੂੰ ਉਨ੍ਹਾ ਦੀ ਲੋੜ ਤੇ ਯੋਗਤਾ ਦੇ ਆਧਾਰ 'ਤੇ ਚੁਣਿਆ ਜਾਵੇਗਾ। ਉਨ੍ਹਾ ਦੱਸਿਆ ਕਿ ਇਹ ਰੋਜ਼ਗਾਰ ਮੇਲੇ ਇੱਕ ਪਾਸੇ ਜ਼ਿਲ੍ਹੇ ਦੇ ਲੋੜਵੰਦ ਨੌਜਵਾਨਾਂ ਨੂੰ ਨੌਕਰੀਆਂ ਪ੍ਰਦਾਨ ਕਰਨ ਅਤੇ ਦੂਜੇ ਪਾਸੇ ਸਥਾਨਕ ਉਦਯੋਗ ਦੀਆਂ ਜ਼ਰੂਰਤਾਂ ਨਾਲ ਨਿਪਟਣ ਲਈ ਹੁਨਰਮੰਦ ਮਨੁੱਖੀ ਸ਼ਕਤੀ ਪ੍ਰਦਾਨ ਕਰਨ ਦੇ ਦੋ ਉਦੇਸ਼ਾਂ ਦੀ ਪੂਰਤੀ ਕਰਨਗੇ। ਸ਼੍ਰੀਮਤੀ ਮਿਨਾਕਸ਼ੀ ਸ਼ਰਮਾ (ਡਿਪਟੀ ਡਾਇਰੈਕਟਰ) ਜਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਲੁਧਿਆਣਾ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸ਼ਨ ਅਤੇ ਡੀ.ਬੀ.ਈ.ਈ. ਵੱਲੋਂ ਇਨ੍ਹਾ ਮੇਲਿਆਂ ਵਿੱਚ ਨੌਜਵਾਨਾਂ ਦੀ ਵੱਧ ਤੋਂ ਵੱਧ ਭਾਗੀਦਾਰੀ ਨੂੰ ਯਕੀਨੀ ਬਣਾਉਣ ਲਈ ਪ੍ਰਚਾਰ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਬੇਰੋਜ਼ਗਾਰ ਨੌਜਵਾਨਾਂ ਨੂੰ ਨੌਕਰੀਆਂ ਮੁਹੱਈਆਂ ਕਰਵਾਉਣ ਲਈ 200 ਪ੍ਰਮੁੱਖ ਕੰਪਨੀਆਂ ਅਤੇ ਉਦਯੋਗਿਕ ਘਰਾਣੇ ਇਨ੍ਹਾ ਰੋਜ਼ਗਾਰ ਮੇਲਿਆਂ ਵਿੱਚ ਸ਼ਮੂਲੀਅਤ ਕਰਨਗੇ। ਉਨ੍ਹਾਂ ਕਿਹਾ ਕਿ ਬੇਰੋਜ਼ਗਾਰ ਨੌਜਵਾਨ ਜੋ 10ਵੀਂ ਪਾਸ, 12ਵੀਂ, ਆਈ.ਟੀ.ਆਈ., ਡਿਪਲੋਮਾ ਹੋਲਡਰ, ਗ੍ਰੈਜੂਏਟ ਜਾਂ ਪੋਸਟ ਗ੍ਰੈਜੂਏਟ ਹਨ, ਨੂੰ ਇਨ੍ਹਾਂ ਰੋਜ਼ਗਾਰ ਮੇਲਿਆਂ ਵਿੱਚ ਹਿੱਸਾ ਲੈਣਾ ਚਾਹੀਦਾ ਹੈ। ਉਨ੍ਹਾਂ ਨੌਜਵਾਨਾਂ ਨੂੰ ਹੋਰ ਨੌਕਰੀਆਂ ਲਈ ਵੈਬਸਾਈਟ .. 'ਤੇ ਰਜਿਸ਼ਟ੍ਰੇਸ਼ਨ ਕਰਾਉਣ ਦਾ ਵੀ ਸੱਦਾ ਦਿੱਤਾ।

# ਵਿਸ਼ਾਲ ਖ਼ੂਨਦਾਨ ਕੈਂਪ 10 ਸਤੰਬਰ ਨੂੰ-ਜਤਿੰਦਰ ਕਾਲੜਾ

**ਸੰਗਰੂਰ/ਵਰਮਾ**



ਪਿਛਲੇ ਲੰਮੇ ਸਮੇਂ ਤੋਂ ਸਮਾਜ ਸੇਵੀ ਕੰਮਾਂ ਵਿੱਚ ਮੋਹਰੀ ਹੋ ਕੇ ਰੋਲ ਨਿਭਾਉਂਦੇ ਆ ਰਹੇ ਜਤਿੰਦਰ ਕਾਲੜਾ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਬਾਬੂ ਨਾਨਕ ਚੰਦ ਕਾਲੜਾ ਚੈਰੀਟੇਬਲ ਟਰੱਸਟ ਰਜਿ. ਸੰਗਰੂਰ ਅਤੇ ਸਰਬਸਾਂਝੀ ਸੇਵਾ ਸੁਸਾਇਟੀ ਸੰਗਰੂਰ ਵੱਲੋਂ ਕੰਪੀਟੈਂਟ ਫਾਊਂਡੇਸ਼ਨ ਚੰਡੀਗੜ੍ਹ ਦੇ ਸਹਿਯੋਗ ਨਾਲ ਵਿਸ਼ਾਲ ਖ਼ੂਨਦਾਨ ਕੈਂਪ ਸਿਵਲ ਹਸਪਤਾਲ ਸੰਗਰੂਰ ਦੀ ਟੀਮ ਵੱਲੋਂ 10 ਸਤੰਬਰ 2021 ਦਿਨ ਸ਼ੁੱਕਰਵਾਰ ਨੂੰ ਸਵੇਰੇ 9 ਵਜੇ ਤੋਂ ਦੁਪਹਿਰ ਸਾਢੇ 12 ਵਜੇ ਤੱਕ ਸਰਦਾਰ ਭਗਵੰਤ ਸਿੰਘ ਸਾਬਕਾ ਐਮ. ਸੀ. ਸਾਹਮਣੇ ਸਿਵਲ ਹਸਪਤਾਲ ਧੂਰੀ ਰੋਡ ਸੰਗਰੂਰ ਵਿਖੇ ਲਗਾਇਆ ਜਾਵੇਗਾ।

ਜਤਿੰਦਰ ਕਾਲੜਾ ਨੇ ਪ੍ਰੈੱਸ ਰਾਹੀਂ ਅਪੀਲ ਕਰਦਿਆਂ ਕਿਹਾ ਕਿ ਖ਼ੂਨਦਾਨ ਸਭ ਤੋਂ ਵੱਡਾ ਦਾਨ ਹੈ। ਇਸ ਨਾਲ ਜਿੱਥੇ ਅਸੀਂ ਜੰਦਿਗੀ ਅਤੇ ਮੌਤ ਨਾਲ ਜੂਝ ਰਹੇ ਇਸ ਜ਼ਰੂਰਤਮੰਦ ਵਿਅਕਤੀ ਦੀ ਜਾਨ ਬਚਾਉਂਦੇ ਹਾਂ, ਉੱਥੇ ਹੀ ਉਸ ਦੇ ਪਰਿਵਾਰ ਨੂੰ ਉਜੜਨ ਤੋਂ ਵੀ ਬਚਾਉਂਦੇ ਹਨ। ਸਬੰਧਤ ਸਥਾਨ ਤੇ ਪਹੁੰਚ ਕੇ ਵੱਧ ਤੋਂ ਵੱਧ ਗਿਣਤੀ ਵਿੱਚ ਖ਼ੂਨਦਾਨ ਕਰੋ। ਤਾਂ ਕਿ ਤੁਹਾਡੇ ਵੱਲੋਂ ਦਿੱਤਾ ਗਿਆ ਖ਼ੂਨ ਜਰੂਰਤ ਸਮੇਂ ਕਿਸੇ ਜ਼ਰੂਰਤਮੰਦ ਵਿਅਕਤੀ ਦੇ ਕੰਮ ਆ ਸਕੇ ਅਤੇ ਉਸ ਦੀ ਕੀਮਤੀ ਜਾਨ ਬਚਾ ਕੇ ਉਸ ਦੇ ਪਰਿਵਾਰ ਨੂੰ ਉੱਜੜਨ ਤੋਂ ਬਚਾਇਆ ਜਾ ਸਕੇ।

# ਅਕੇਡੀਆ ਵਰਲਡ ਸਕੂਲ ਵਿਖੇ ਕਰਵਾਏ ਗਏ ਇੰਟਰ-ਹਾਊਸ ਇੰਗਲਿਸ਼ ਪਲੇਅ ਕੰਪੀਟੀਸ਼ਨ



**ਸੁਨਾਮ/ ਊਧਮ ਸਿੰਘ ਵਾਲਾ/ਵਰਮਾ**

ਸਥਾਨਕ ਅਕੇਡੀਆ ਵਰਲਡ ਸਕੂਲ ਵਿਖੇ ਵਿਦਿਆਰਥੀਆਂ ਵਿੱਚ ਗਿਆਨ, ਨਾਟਕੀ ਹੁਨਰ ਅਤੇ ਅਦਾਕਾਰੀ ਦੀ ਯੋਗਤਾ ਨੂੰ ਵਧਾਉਣ ਲਈ ਇੱਕ ਅੰਤਰ- ਹਾਊਸ ਪ੍ਰਤੀਯੋਗਤਾ ਦੇ ਰੂਪ ਵਿੱਚ ਐਕਟ ਪਲੇਅ ਮੁਕਾਬਲੇ ਆਯੋਜਿਤ ਕੀਤੇ ਗਏ। ਜਿਸ ਵਿੱਚ ਪ੍ਰਸਿੱਧ ਅਮਰ ਚਿੱਤਰ ਕਥਾ ਦੀਆਂ ਮਿਥਿਹਾਸਕ ਕਹਾਣੀਆਂ ਦੀ ਵਿਸੇਸਤਾ ਵਾਲੇ ਨਾਟਕ, ਚਲੰਤ ਸਮੱਸਿਆਵਾਂ ਨੂੰ ਪੇਸ ਕੀਤਾ ਗਿਆ। ਵਿਦਿਆਰਥੀਆਂ ਦੇ ਅਦਾਕਾਰੀ ਦੇ ਹੁਨਰਾਂ ਦੀ ਦਰਸਕਾਂ ਨੇ ਭਰਪੂਰ ਸਲਾਘਾ ਕੀਤੀ। ਚੁਣੇ ਨਾਟਕਾਂ ਦੀ ਗੁਣਵੱਤਾ ਅਤੇ ਚਾਰੇ ਹਾਊਸਾਂ ਦੁਆਰਾ ਹਰੇਕ ਨਾਟਕ ਨੂੰ ਚਲਾਉਣ ਦੀ ਸਾਰਿਆਂ ਦੁਆਰਾ ਸਲਾਘਾ ਕੀਤੀ ਗਈ। ਚਮਕਦਾਰ ਅਤੇ ਜੀਵੰਤ ਪਹਿਰਾਵੇ, ਸੰਵਾਦ ਅਤੇ ਅਦਾਕਾਰੀ ਨੇ ਹਰ ਇੱਕ ਨੂੰ ਪ੍ਰਭਾਵਿਤ ਕੀਤਾ।

ਰੇਡਰਜ ਹਾਊਸ ਨੇ ਸਭ ਤੋਂ ਪਹਿਲਾਂ 'ਮਰਚੈਂਟ ਆਫ ਵੈਨਿਸ' ਦੀ ਕਹਾਣੀ ਪੇਸ ਕੀਤੀ। ਇਸ ਤੋਂ ਬਾਅਦ ਟਰੂਪਰਜ ਹਾਊਸ ਆਇਆ। ਜਿਸ ਨੇ 'ਗੋਪੀ ਗਵਾਈਆ ਬਾਗਾ ਵਜਾਇਆ' ਦੀ ਕਹਾਣੀ ਨੂੰ ਪੇਸ ਕੀਤਾ। ਵਰੀਅਰਜ ਨੇ ਫਿਰ ਆਪਣੇ ਸਿੱਖਿਆਦਾਇਕ ਨਾਟਕ 'ਮੋਬਾਈਲ ਫੋਨ ਦੀ ਦੁਰਵਰਤੋਂ ਦਾ ਪ੍ਰਦਰਸਨ ਕੀਤਾ ਅਤੇ ਗਲੇਡੀਏਟਰਜ ਹਾਊਸ ਜਿਸਨੇ 'ਦ ਲਾਸਟ ਚਾਨਸ ਟੂ ਸੇਵ ਦ ਅਰਥ' ਦਾ ਇੱਕ ਐਪੀਸੋਡ ਬਣਾਇਆ। ਪ੍ਰਦਰਸਨ ਦਾ ਫੈਸਲਾ ਪ੍ਰਿੰਸੀਪਲ ਰਣਜੀਤ ਕੌਰ ਅਤੇ ਪ੍ਰੋਫੈਸਰ ਰਮਨਦੀਪ ਕੌਰ ਵੱਲੋਂ ਕੀਤਾ ਗਿਆ ਸੀ। ਬਣਾਏ ਗਏ ਨਾਟਕਾਂ ਦੀ ਗੁਣਵੱਤਾ ਤੋਂ ਜੱਜ ਬਹੁਤ ਪ੍ਰਭਾਵਿਤ ਹੋਏ। ਪ੍ਰਿੰਸੀਪਲ ਨੇ ਵਿਦਿਆਰਥੀਆਂ ਦੇ ਯਤਨਾਂ ਦੀ ਸਲਾਘਾ ਕੀਤੀ, ਅਤੇ ਵਧੇਰੇ ਪ੍ਰਭਾਵ ਪੈਦਾ ਕਰਨ ਲਈ ਸਟੇਜ ਤੇ ਕਲਾਕਾਰਾਂ ਦੀਆਂ ਗਤੀਵਿਧੀਆਂ, ਉਪਕਰਣਾਂ ਅਤੇ ਗਤੀਵਿਧੀਆਂ ਬਾਰੇ ਕੀਮਤੀ ਸੁਝਾਅ ਦਿੱਤੇ। ਸਕੂਲ ਦੇ ਚੇਅਰਮੈਨ ਐਡਵੋਕੇਟ ਗਗਨਦੀਪ ਸਿੰਘ ਵੱਲੋਂ ਵਿਦਿਆਰਥੀਆਂ ਦੀ ਸਲਾਘਾ ਕਰਦੇ ਹੋਏ ਨਤੀਜੇ ਦੀ ਘੋਸਣਾ ਕੀਤੀ ਗਈ। ਸਟੇਜ ਦਾ ਸੰਚਾਲਨ ਮਿਸ ਸਾਲਣੀ ਨੇ ਕੀਤਾ।

# ਸਾਬਕਾ ਵਿਧਾਇਕ ਜੀਤ ਮਹਿੰਦਰ ਸਿੰਘ ਸਿੱਧੂ ਨੇ ਲਈ ਵਾਰਡ ਨੰ 7 ਦੇ ਲੋਕਾਂ ਦੀ ਸਾਰ

## ਕਿਹਾ ਸਰਕਾਰ ਬਣਨ ਤੇ ਪਹਿਲ ਦੇ ਆਧਾਰ ਤੇ ਵਾਰਡ ਦਾ ਵਿਕਾਸ ਕਰਾਂਗੇ

**ਰਾਮਾਂ ਮੰਡੀ/ਅਨਿਲ ਜੈਨ**



ਆਉਂਦੀਆਂ ਵਿਧਾਨ ਸਭਾ ਚੋਣਾਂ ਨੂੰ ਲੈਕੇ ਜਿਥੇ ਸ੍ਰੋਮਣੀ ਅਕਾਲੀ ਦਲ ਵਲੋਂ ਚੁਣਾਵੀ ਸਰਗਰਮੀਆਂ ਤੇਜ ਕਰ ਦਿੱਤੀਆਂ ਹਨ ਉਥੇ ਹੀ ਇਸਦੀ ਭਾਈਵਾਲ ਪਾਰਟੀ ਬਹੁਜਨ ਸਮਾਜ ਪਾਰਟੀ ਵਲੋਂ ਹਲਕਾ ਤਲਵੰਡੀ ਸਾਬੋ ਤੋਂ ਸ੍ਰੋਮਣੀ ਅਕਾਲੀ ਦਲ ਤੇ ਬਹੁਜਨ ਸਮਾਜ ਪਾਰਟੀ ਦੇ ਸਾਂਝੇ ਉਮੀਦਵਾਰ ਅਤੇ ਸਾਬਕਾ ਵਿਧਾਇਕ ਸ੍ਰ ਜੀਤ ਮਹਿੰਦਰ ਸਿੰਘ ਸਿੱਧੂ ਦੇ ਹੱਕ ਵਿੱਚ ਨੁਕੜ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ । ਬਹੁਜਨ ਸਮਾਜ ਪਾਰਟੀ ਵਲੋਂ ਸਥਾਨਕ ਵਾਰਡ ਨੰ 7 ਵਿੱਚ ਰੱਖੀ ਗਈ ਮੀਟਿੰਗ ਵਿੱਚ ਜਿੱਥੇ ਬਸਪਾ ਦੇ ਜਲ੍ਹਿਾ ਪ੍ਰਧਾਨ ਡਾ ਜੋਗਿੰਦਰ ਸਿੰਘ ਨੇ ਇਕੱਠ ਨੂੰ ਸੰਬੋਧਨ ਕੀਤਾ ਉਥੇ ਹੀ ਹਲਕਾ ਤਲਵੰਡੀ ਸਾਬੋ ਤੋਂ ਚੋਣ ਲੜ ਰਹੇ ਸਾਬਕਾ ਵਿਧਾਇਕ ਜੀਤ ਮਹਿੰਦਰ ਸਿੰਘ ਸਿੱਧੂ ਵਲੋਂ ਵੀ ਲੋਕਾਂ ਨੂੰ ਸੰਬੋਧਨ ਕਰਦਿਆਂ ਕਾਂਗਰਸ ਪਾਰਟੀ ਤੇ ਸਿਆਸੀ ਹਮਲੇ ਕੀਤੇ ।ਅਪਣੇ ਸੰਬੋਧਨ ਵਿੱਚ ਸਾਬਕਾ ਵਿਧਾਇਕ ਜੀਤ ਮਹਿੰਦਰ ਸਿੰਘ ਸਿੱਧੂ ਨੇ ਕਿਹਾ ਕਿ ਕਾਂਗਰਸ ਪਾਰਟੀ ਹੁਣ ਗਰੀਬੀ ਹਟਾਓ ਨਾਅਰੇ ਦੀ ਜਗ੍ਹਾ ਹੁਣ ਗਰੀਬ ਹਟਾਓ ਨਾਅਰੇ ਤੇ ਕੰਮ ਕਰ ਰਹੀ ਹੈ । ਉਹਨਾਂ ਕਿਹਾ ਕਿ ਸਾਢੇ ਚਾਰ ਸਾਲ ਦੇ ਕਾਰਜਕਾਲ ਦੌਰਾਨ ਸਰਕਾਰ ਨੇ ਲੋਕਾਂ ਦੀ ਕੋਈ ਸਾਰ ਨਹੀਂ ਲਈ ਅਤੇ ਉਹਨਾਂ ਕਿਹਾ ਕਿ ਲੋਕਾਂ ਵਲੋਂ ਟੈਕਸ ਦੇ ਰੂਪ ਵਿਚ ਦਿੱਤੇ ਗਏ ਪੈਸੇ ਨਾਲ ਸਰਕਾਰ ਦੇ ਨੁਮਾਇੰਦੇ ਆਪਣੀਆਂ ਜੇਬਾਂ ਭਰਨ ਵਿਚ ਰੁੱਝੇ ਹੋਏ ਹਨ । ਉਹਨਾਂ ਕਿਹਾ ਕਿ ਅੱਜ ਇਸ ਵਾਰਡ ਦੀ ਹਾਲਤ ਦੇਖ ਕੇ ਤਰਸ ਆਉਂਦਾ ਹੈ ਕਿ ਕਾਂਗਰਸ ਪਾਰਟੀ ਵਲੋਂ ਵਾਰਡ ਦੇ ਲੋਕਾਂ ਨਾਲ ਕਿਸ ਤਰ੍ਹਾਂ ਦਾ ਵਰਤਾਰਾ ਕੀਤਾ ਜਾ ਰਿਹਾ ਹੈ । ਉਹਨਾਂ ਕਿਹਾ ਕਿ ਇਸ ਵਾਰਡ ਵਿਚ ਜਆਿਦਾਤਰ ਲੋਕ ਦਲਿਤ ਸਮਾਜ ਨਾਲ ਸੰਬੰਧ ਰੱਖਦੇ ਹਨ ਜਿਸਦੇ ਕਾਰਨ ਉਹਨਾਂ ਦੀ ਸਰਕਾਰ ਅਤੇ ਪ੍ਰਸਾਸਨ ਵੱਲੋਂ ਕੋਈ ਸੁਣਵਾਈ ਨਹੀਂ ਕੀਤੀ ਜਾ ਰਹੀ । ਉਹਨਾਂ ਕਿਹਾ ਕਿ ਵਾਰਡ ਦੇ ਹਾਲਾਤ ਇਹਨੇ ਜਆਿਦਾ ਬਦਤਰ ਹੋ ਗਏ ਹਨ ਕਿ ਇਥੋਂ ਰਾਮਸਰਾ ਰੋੜ ਨੂੰ ਜਾਂਦੀ ਸੜਕ ਨੇ ਨਹਿਰ ਦਾ ਰੂਪ ਧਾਰਨ ਕਰ ਲਿਆ ਹੈ ਜਿਸ ਕਾਰਨ ਲੋਕ ਆਪਣੇ ਘਰਾਂ ਵਿਚ ਕੈਦ ਹੋ ਕੇ ਰਹਿ ਰਹੇ ਹਨ ।ਉਹਨਾਂ ਕਿਹਾ ਕਿ ਸ੍ਰੋਮਣੀ ਅਕਾਲੀ ਦਲ ਨੇ ਸਹਿਰ ਦਾ ਚਹੁੰਮੁਖੀ ਵਿਕਾਸ ਕਰਵਾਇਆ ਸਹਿਰ ਵਿਚ ਪੀਣ ਵਾਲੇ ਪਾਣੀ ਅਤੇ ਵਧੀਆ ਸੀਵਰੇਜ ਦਾ ਕੰਮ ਕੀਤਾ ਪਰੰਤੂ ਕਾਂਗਰਸ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਸਥਾਨਕ ਪ੍ਰਸਾਸਨ ਅਤੇ ਸਰਕਾਰ ਦੇ ਨੁਮਾਇੰਦੇ ਵਿਕਾਸ ਦੇ ਨਾਂਅ ਤੇ ਆਪਣੀਆਂ ਜੇਬਾਂ ਭਰਦੇ ਰਹੇ ।ਉਹਨਾਂ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਇਸ ਸਰਕਾਰ ਨੂੰ ਚਲਦਾ ਕਰਕੇ ਲੋਕਾਂ ਦੀ ਸਰਕਾਰ ਬਣਾਈ ਜਾਵੇ ਤਾਂਕਿ ਸਹਿਰ ਦਾ ਵਿਕਾਸ ਹੋ ਸਕੇ। ਇਸ ਮੋਕੇ ਡਾ ਜੋਗਿੰਦਰ ਸਿੰਘ ਜ਼ਿਲ੍ਹਾ ਪ੍ਰਧਾਨ, ਮਾਸਟਰ ਜਗਦੀਪ ਸਿੰਘ ਗੋਗੀ ਸੀਨੀਅਰ ਬਸਪਾ ਨੇਤਾ , ਰਾਜ ਕੁਮਾਰ ਤੋਨਗਰੀਆ ਜ਼ਿਲ੍ਹਾ ਸੈਕਟਰੀ ,ਯੋਗੇਸ਼ਵਰ ਅਮਰ ਹਲਕਾ ਇੰਚਾਰਜ , ਰਵੀ ਕੁਮਾਰ ਹਲਕਾ ਜਨਰਲ ਸਕੱਤਰ ,ਮਾਸਟਰ ਰਾਮ ਲਾਲ ਜੀ ਸ਼ਹਿਰੀ, ਪ੍ਰਧਾਨ ਮੰਗਾ ਖਾਲਸਾ ਉਪ ਸ਼ਹਿਰੀ ਪ੍ਰਧਾਨ ,ਰਿੰਕੂ ਉਜੀਨਵਾਲ ਸ਼ਹਿਰੀ ਇੰਚਾਰਜ, ਜਲੌਰ ਸਿੰਘ ਬਸਪਾ ਨੇਤਾ, ਮੱਖਣ ਸਿੰਘ ਸੀਨੀਅਰ ਬਸਪਾ ਨੇਤਾ , ਸਤਵੀਰ ਸਿੰਘ ਅਸੀਜਾ ਸਹਿਰੀ ਪ੍ਰਧਾਨ ਸ੍ਰੋਮਣੀ ਅਕਾਲੀ ਦਲ ,ਸੁਖਵੰਤ ਸਿੰਘ ਕਾਲਾ ਬਲਾਕ ਪ੍ਰਧਾਨ , ਹੈਪੀ ਖੋਸਾ ਯੂਥ ਪ੍ਰਧਾਨ , ਹਨੀ ਢਿੱਲੋਂ , ਭਿੰਦਰ ਜੱਜਲ , ਅਵਤਾਰ ਸਿੰਘ ਮੈਨੂਆਨਾ ਸਮੇਤ ਵੱਡੀ ਗਿਣਤੀ ਵਿਚ ਲੋਕ ਹਾਜਰ ਸਨ ।

# ਸ਼੍ਰੀ ਬਾਲਾਜੀ ਧਾਮ ਵਿਖੇ ਗਨੇਸ਼ ਚਤੁਰਥੀ ਉੱਤਸਵ ਦੀਆਂ ਤਿਆਰੀਆਂ ਸ਼ੁਰੂ

**ਸੁਨਾਮ ਊਧਮ ਸਿੰਘ ਵਾਲਾ/ਵਰਮਾ**

ਸੰਤ ਸ਼ਿਰੋਮਣੀ ਇੱਛਾਪੂਰਤੀ ਸ਼੍ਰੀ ਬਾਲਾਜੀ ਚੈਰੀਟੇਬਲ ਟਰੱਸਟ ਰਜਿ. ਸੁਨਾਮ ਦੀ ਇੱਕ ਅਹਿਮ ਬੈਠਕ ਮੰਦਿਰ ਇੱਛਾਪੂਰਤੀ ਸ਼੍ਰੀ ਬਾਲਾਜੀ ਧਾਮ ਵਿੱਚ ਹੋਈ। ਮੰਦਿਰ ਟਰੱਸਟ ਦੇ ਮੈਂਬਰ ਗੌਰਵ ਜਨਾਲੀਆ ਅਤੇ ਪ੍ਰਵੇਸ਼ ਅੱਗਰਵਾਲ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ 7ਵਾਂ ਸ਼੍ਰੀ ਗਨੇਸ਼ ਚਤੁਰਥੀ ਉੱਤਸਵ 'ਗਜਾਨਨ ਪਧਾਰੋ ਮਹਾਰੇ ਸ਼ਹਿਰ' ਤਹਿਤ 10 ਸਤੰਬਰ ਤੋਂ 19 ਸਤੰਬਰ ਤੱਕ 2021ਤੱਕ ਮੰਦਿਰ ਇੱਛਾਪੂਰਤੀ ਸ਼੍ਰੀ ਬਾਲਾਜੀ ਧਾਮ ਵਿੱਚ ਬੜੀ ਸ਼ਰਧਾ ਅਤੇ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ।ਜਨਾਲੀਆ ਨੇ ਦੱਸਿਆ ਕਿ ਇਸ ਵਾਰ ਗਣੇਸ਼ ਜੀ ਦੀ ਮੂਰਤੀ ਮੁਨੀਸ ਬੇਦੀ ਅਤੇ ਹਿਤੇਸ਼ ਬੇਦੀ ਲੁਧਿਆਣਾ ਵੱਲੋਂ ਭੇਂਟ ਕੀਤੀ ਗਈ ਹੈ। ਜੋ ਹਰ ਸਾਲ ਸ਼੍ਰੀ ਗਣੇਸ਼ ਜੀ ਮਹਾਰਾਜ ਦੀ ਮਿੱਟੀ ਦੀ ਮੂਰਤੀਆਂ ਬਣਵਾ ਕੇ ਸੰਸਥਾਵਾਂ ਨੂੰ ਭੇਂਟ ਕਰਦੇ ਹਨ।ਉਨ੍ਹਾਂ ਦੱਸਿਆ ਕਿ ਗਣੇਸ਼ ਉਤਸਵ ਦੀਆਂ ਤਿਆਰੀਆਂ ਮੰਦਿਰ ਪਰੀਸਰ ਵਿੱਚ ਜ਼ੋਰਾਂ-ਸ਼ੋਰਾਂ ਨਾਲ ਚੱਲ ਰਹੀਆ ਹਨ। ਇਸ ਉੱਤਸਵ ਨੂੰ ਵਿਧੀ ਪੂਰਵਕ ਕਰਵਾਉਣ ਲਈ ਕਮੇਟੀ ਮੈਂਬਰਾਂ ਦੀਆਂ ਡਿਊਟੀ ਲਗਾਈਆਂ ਜਾ ਚੁੱਕੀਆਂ ਹਨ। ਉਨ੍ਹਾਂ ਦੱਸਿਆ ਕਿ ਹਰ ਰੋਜ ਸਵੇਰੇ 7 ਵਜੇ ਸ਼੍ਰੀ ਗਣੇਸ਼ ਜੀ ਮਹਾਰਾਜ ਦੀ ਵਿਸ਼ੇਸ਼ ਪੂਜਾ-ਅਰਚਨਾ ਅਤੇ ਆਰਤੀ ਕੀਤੀ ਜਾਵੇਗੀ। ਪੰਜਾਬ ਸਰਕਾਰ ਵੱਲੋਂ ਜਾਰੀ ਕੋਵਿਡ ਗਾਇਡਲਾਇਨ ਅਨੁਸਾਰ ਇਸ ਉਤਸਵ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਟਰੱਸਟ ਵਲੋਂ 27ਵਾਂ ਕੋਵਿਡ-19 ਟੀਕਾਕਰਨ ਕੈਂਪ ਅੱਜ ਸ਼੍ਰੀ ਬਾਲਾਜੀ ਮੰਦਿਰ ਵਿੱਚ ਲਗਾਇਆ ਗਿਆ।ਜਿਸ ਵਿੱਚ 150 ਵੈਕਸੀਨ ਲਗਾਈਆਂ ਗਈਆਂ।ਉਨ੍ਹਾਂ ਦੱਸਿਆ ਕਿ ਸ਼ਹਿਰ ਨਿਵਾਸੀਆਂ ਨੂੰ ਮਹਾਂਮਾਰੀ ਦੇ ਬੁਰੇ ਪ੍ਰਭਾਵਾਂ ਤੋਂ ਬਚਾਉਣ ਲਈ ਮਿਸ਼ਨ ਫਤਿਹ ਅਨੁਸਾਰ ਮੰਦਿਰ ਟਰੱਸਟ ਦੁਆਰਾ ਕੋਵਿਡ-19 ਟੀਕਾਕਰਣ ਕੈਂਪ ਲਗਾਤਾਰ ਲਗਾਏ ਜਾ ਰਹੇ ਹਨ ਅਤੇ ਸ਼੍ਰੀ ਬਾਲਾਜੀ ਮਹਾਰਾਜ ਦੇ ਅਸ਼ੀਰਵਾਦ ਦੇ ਨਾਲ ਕੈਂਪ ਅੱਗੇ ਵੀ ਜਾਰੀ ਰਹਿਣਗੇ। ਇਸ ਮੌਕੇ ਡਾਕਟਰ ਪ੍ਰਭਜੋਤ ਸਿੰਘ ਢਿੱਲੋਂ ਨੋਡਲ ਅਫਸਰ ਸੁਨਾਮ, ਮਨਿੰਦਰ ਕੌਰ ਏਐਮਓ, ਅਮਨ ਬਾਂਸਲ, ਰਾਜੇਸ਼ ਬਾਂਸਲ, ਵਰੁਣ ਕਾਂਸਲ, ਰਾਜੀਵ ਜੈਨ, ਸ਼ੀਤਲ ਮਿੱਤਲ, ਪਰਮਾਨੰਦ ਅਰੋੜਾ, ਨਰਾਇਣ ਸ਼ਰਮਾ, ਵਿਜੈ ਕੁਮਾਰ, ਕੁੱਕੂ ਪੇਂਟਰ ਆਦਿ ਮੌਜੂਦ ਸਨ ।



# ਖਾਕੀ ਵਰਦੀ ਵਾਲਿਆਂ ਦੀ ਤਾਨਾਸ਼ਾਹੀ ਲੋਕਾਂ ਨੂੰ ਕਰ ਰਹੀ ਹੈ ਨਿਰਾਸ਼ ਨਹੀਂ ਹੋ ਰਹੀ ਕੋਈ ਸੁਣਵਾਈ

**ਮੋਗਾ/ਧਰਮਕੋਟ ਦਵਿੰਦਰ ਸਿੰਘ ਬਿੱਟੂ**

ਧਰਮਕੋਟ ਪੁਲਸ ਦਾ ਵਿਵਾਦਾਂ ਨਾਲ ਚੋਲੀ ਦਾਮਨ ਦਾ ਸਾਥ ਬਣਿਆ ਹੋਇਆ ਹੈ ਜਿਸ ਦੀ ਤਾਜ਼ਾ ਉਦਾਹਰਣ ਪਿੰਡ ਬਾਕਰਵਾਲਾ ਦੇ ਅਵਤਾਰ ਸਿੰਘ ਪੁੱਤਰ ਮੋਹਣ ਸਿੰਘ ਨੰਬਰਦਾਰ ਨਾਲ ਘਟੀ ਪ੍ਰੈਸ ਦੇ ਨਾਲ ਗੱਲਬਾਤ ਦੌਰਾਨ ਅਵਤਾਰ ਸਿੰਘ ਦਾ ਕਹਿਣਾ ਹੈ ਕਿ ਸਾਡੇ ਪਿੰਡ ਬਾਕਰਵਾਲਾ ਵਿਖੇ ਸੰਨ 2014 ਦੇ ਵਿਚ ਲੜਾਈ ਹੋਈ ਸੀ ਉਸ ਲੜਾਈ ਵਿੱਚ ਸਾਡਾ ਨਾਂ ਆਉਣ ਕਰਕੇ ਸਾਡੇ ਤੇ ਵੀ ਪਰਚਾ ਦਰਜ ਹੋ ਗਿਆ ਜਦ ਕਿ ਅਸੀਂ ਬੇਕਸੂਰ ਸੀ ਅਤੇ ਅਸੀਂ ਇਸ ਦੀ ਇਨਕੁਆਰੀ ਲਵਾਈ ਉਸ ਵੇਲੇ ਦੇ ਅਫਸਰ ਸਾਹਿਬਾਨਾਂ ਵੱਲੋਂ ਸਾਡੇ ਪਿੰਡ ਬਾਕਰਵਾਲਾ ਵਿਖੇ ਮੌਕੇ ਤੇ ਪਹੁੰਚ ਕੇ ਇਨਕੁਆਰੀ ਕਰਕੇ ਸਾਨੂੰ ਬੇਗੁਨਾਹ ਸਾਬਤ ਕੀਤਾ ਗਿਆ ਉਸ ਇਨਕੁਆਰੀ ਦੀ ਕਾਪੀ ਵੀ ਮੇਰੇ ਕੋਲ ਹੈ ਧਰਮਕੋਟ ਪੁਲੀਸ ਦੇ ਵੱਲੋਂ ਅਦਾਲਤ ਦੇ ਵਿਚ ਜੋ ਚਲਾਨ ਪੇਸ਼ ਕੀਤਾ ਗਿਆ ਉਸ ਦੇ ਵਿੱਚ ਵੀ ਸਾਡਾ ਨਾਮ ਨਹੀਂ ਸੀ 2017 ਦੇ ਵਿਚ ਦੂਸਰੀ ਪਾਰਟੀ ਨੂੰ ਮਾਣਯੋਗ ਅਦਾਲਤ ਵੱਲੋਂ ਸਜ਼ਾ ਸੁਣਾ ਦਿੱਤੀ ਗਈ ਇਸ ਉਪਰੰਤ ਸਾਨੂੰ 2019ਦੇ ਵਿਚ ਪੀ ਪੀ ਸੀ ਦੀ ਲੋੜ ਪਈ ਤਾਂ ਅਸੀਂ ਪੀ ਸੀ ਸੀ ਅਪਲਾਈ ਕੀਤੀ ਜੋ ਕਿ ਸਾਨੂੰ ਧਰਮਕੋਟ ਪੁਲਸ ਸਟੇਸ਼ਨ ਤੋਂ ਮਿਲ ਗਈ ਅਤੇ ਹੁਣ ਮੈਂ ਪੰਜਾਬ ਗ੍ਰਾਮੀਣ ਬੈਂਕ ਦੇ ਵਿੱਚ ਠੇਕੇ ਤੇ ਕੰਮ ਕਰਦਾ ਹਾਂ ਅਤੇ ਮੈਨੂੰ ਹਰ ਸਾਲ ਬੈਂਕ ਨੂੰ ਪੀ ਸੀ ਸੀ ਦੇਣੀ ਪੈਂਦੀ ਹੈ 2021ਦੇ ਵਿੱਚ ਦੁਬਾਰਾ ਫਿਰ ਪੀ ਸੀ ਸੀ ਅਪਲਾਈ ਕੀਤੀ ਗਈ ਤਾਂ ਤਕਰੀਬਨ ਅੱਠ ਮਹੀਨੇ ਤੋਂ ਮੈਂ ਧਰਮਕੋਟ ਪੁਲਸ ਸਟੇਸ਼ਨ ਦੇ ਗੇੜੇ ਮਾਰ ਰਿਹਾ ਹਾਂ ਅਤੇ ਹਰ ਵਾਰ ਮੈਨੂੰ ਟਾਲ ਮਟੋਲ ਕਰ ਕੇ ਮੋੜ ਦਿੱਤਾ ਜਾਂਦਾ ਹੈ ਇਸ ਬਾਬਤ ਜਦੋਂ ਮੈਂ ਧਰਮਕੋਟ ਦੇ ਮੁੱਖ ਮੁਨਸ਼ੀ ਗੁਰਸਾਹਿਬ ਸਿੰਘ ਨਾਲ ਸੰਪਰਕ ਕੀਤਾ ਤਾਂ ਮੁਨਸ਼ੀ ਗੁਰਸਾਹਿਬ ਸਿੰਘ ਨੇ ਕਿਹਾ ਤੈਨੂੰ ਪੀ ਸੀ ਸੀ ਨਹੀਂ ਮਿਲਣੀ ਜਿਥੇ ਜ਼ੋਰ ਲੱਗਦਾ ਲਗਾ ਕੇ ਵੇਖ ਲੈ ਇਸ ਉਪਰੰਤ ਮੈਂ ਮਾਣਯੋਗ ਡੀ ਐੱਸ ਪੀ ਧਰਮਕੋਟ ਕੋਲ ਫਰਿਆਦ ਲੈ ਕੇ ਗਿਆ ਤਾਂ ਮੇਰੇ ਸਾਹਮਣੇ ਮਾਣਯੋਗ ਡੀ ਐੱਸ ਪੀ ਸਾਹਿਬ ਨੇ ਧਰਮਕੋਟ ਪੁਲਸ ਸਟੇਸ਼ਨ ਫੋਨ ਕਰਕੇ ਕੇ ਕਿਹਾ ਕਿ ਅਵਤਾਰ ਸਿੰਘ ਨੂੰ ਪੀ ਸੀ ਸੀ ਦੇ ਦਿਓ ਅਤੇ ਜਦੋਂ ਮੈਂ ਪੁਲੀਸ ਸਟੇਸ਼ਨ ਧਰਮਕੋਟ ਗਿਆ ਤਾਂ ਮੈਨੂੰ ਕੱਲ੍ਹ ਆ ਕੇ ਪੀ ਸੀ ਸੀ ਲੈ ਜਾਈਂ ਲਈ ਕਿਹਾ ਗਿਆ ਲੇਕਿਨ ਜਦੋਂ ਮੈਂ ਅਗਲੇ ਦਿਨ ਪੀ ਸੀ ਸੀ ਲੈਣ ਗਿਆ ਤਾਂ ਉਨ੍ਹਾਂ ਨੇ ਮੈਨੂੰ ਪੀ ਸੀ ਸੀ ਦੇਣ ਤੋਂ ਇਨਕਾਰ ਕਰ ਦਿੱਤਾ ਇਸ ਬਾਬਤ ਜਦੋਂ ਮੈ ਮੁਖ ਮੁਨਸ਼ੀ ਗੁਰਸਾਹਿਬ ਸਿੰਘ ਤੋਂ ਇਸ ਦਾ ਕਾਰਨ ਜਾਨਣਾ ਚਾਹਿਆ ਤਾਂ ਮੈਨੂੰ ਬਸ ਇੰਨਾ ਹੀ ਕਿਹਾ ਕਿ ਤੈਨੂੰ ਪੀ ਸੀ ਸੀ ਨਹੀਂ ਮਿਲਣੀ ਇਸ ਤੋਂ ਨਿਰਾਸ਼ ਹੋ ਕੇ ਮੈਂ ਨਿਰਾਸ਼ਾ ਦੇ ਆਲਮ ਦੇ ਵਿਚ ਧਰਮਕੋਟ ਪ੍ਰੈੱਸ ਕਲੱਬ ਦੇ ਨਾਲ ਸੰਪਰਕ ਕੀਤਾ ਅਤੇ ਧਰਮਕੋਟ ਪ੍ਰੈੱਸ ਕਲੱਬ ਦੇ ਪੱਤਰਕਾਰ ਜਦੋਂ ਧਰਮਕੋਟ ਪੁਲਸ ਸਟੇਸ਼ਨ ਇਸ ਬਾਬਤ ਜਾਣਕਾਰੀ ਲੈਣ ਲਈ ਪਹੁੰਚੇ ਤਾਂ ਥਾਣਾ ਮੁਖੀ ਅਤੇ ਗੁਰਸਾਹਿਬ ਸਿੰਘ ਮੁਨਸ਼ੀ ਥਾਣੇ ਵਿਚ ਹਾਜ਼ਰ ਨਹੀਂ ਸਨ ਪਤਾ ਲੱਗਾ ਕਿ ਥਾਣਾ ਮੁਖੀ ਮਾਣਯੋਗ ਐੱਸ ਐੱਸ ਪੀ ਸਾਹਿਬ ਦੀ ਮੀਟਿੰਗ ਦੇ ਵਿੱਚ ਮੋਗੇ ਗਏ ਹੋਏ ਹਨ ਇਸ ਉਪਰੰਤ ਮੇਰੇ ਪਿਤਾ ਸਰਦਾਰ ਮੋਹਨ ਸਿੰਘ ਨੰਬਰਦਾਰ ਜਦੋਂ ਅਗਲੇ ਦਿਨ ਕਿਸੇ ਜਰੂਰੀ ਕੰਮ ਪੁਲਸ ਸਟੇਸ਼ਨ ਧਰਮਕੋਟ ਵਿਖੇ ਗਏ ਤਾਂ ਗੁਰਸਾਹਿਬ ਸਿੰਘ ਮੁਨਸ਼ੀ ਨੇ ਉਨ੍ਹਾਂ ਨੂੰ ਕਿਹਾ ਕਿ ਤੇਰਾ ਲੜਕਾ 10/12 ਪੱਤਰਕਾਰਾਂ ਨੂੰ ਲੈ ਕੇ ਕੱਲ ਪੁਲਸ ਸਟੇਸ਼ਨ ਆਇਆ ਸੀ ਉਸ ਨੂੰ ਕਹਿਣਾ ਕਿ ਮੈਂ ਅਜਿਹੇ ਪੱਤਰਕਾਰਾਂ ਨੂੰ ਕੀ ਸਮਝਦਾ ਹਾਂ ਖ਼ਬਰਾਂ ਤਾਂ ਆਏ ਦਿਨ ਹੀ ਅਖਬਾਰਾਂ ਵਿੱਚ ਲੱਗਦੀਆਂ ਰਹਿੰਦੀਆਂ ਹਨ ਤੂੰ ਜੋ ਕੁਝ ਕਰਨਾ ਹੈ ਕਰ ਲੈ ਤੈਨੂੰ ਪੀਸੀਸੀ ਨਹੀਂ ਮਿਲਣੀ ਪ੍ਰੈੱਸ ਨਾਲ ਅੱਗੇ ਗੱਲਬਾਤ ਕਰਦਿਆਂ ਹੋਇਆ ਅਵਤਾਰ ਸਿੰਘ ਨੇ ਪੰਜਾਬ ਦੇ ਮੁੱਖ ਮੰਤਰੀ ਮਾਣਯੋਗ ਕੈਪਟਨ ਅਮਰਿੰਦਰ ਸਿੰਘ ਮਾਣਯੋਗ ਡੀ ਜੀ ਪੀ ਚੰਡੀਗੜ੍ਹ ਮਾਣਯੋਗ ਐੱਸਐੱਸਪੀ ਮੋਗਾ ਅਤੇ ਮਾਣਯੋਗ ਭਾਰਤ ਸਰਕਾਰ ਦੇ ਗ੍ਰਹਿ ਮੰਤਰੀ ਨੂੰ ਪ੍ਰੈੱਸ ਦੇ ਰਾਹੀਂ ਅਪੀਲ ਕੀਤੀ ਕਿ ਧਰਮਕੋਟ ਪੁਲੀਸ ਸਟੇਸ਼ਨ ਦੇ ਮੁੱਖ ਮੁਨਸ਼ੀ ਗੁਰਸਾਹਿਬ ਸਿੰਘ ਦੀ ਇਨਕੁਆਰੀ ਕਰਕੇ ਸਖਤ ਤੋਂ ਸਖਤ ਐਕਸ਼ਨ ਲਿਆ ਜਾਵੇ ਤਾਂ ਕਿ ਅੱਗੇ ਤੋਂ ਕੋਈ ਵੀ ਪੁਲਸ ਮੁਲਾਜਮ ਕਿਸੇ ਦੇ ਨਾਲ ਧੱਕਾ ਨਾ ਕਰੇ ਇਸ ਬਾਬਤ ਜਦੋਂ ਪੱਤਰਕਾਰਾਂ ਦਾ ਵਫ਼ਦ ਨੇ ਥਾਣਾ ਮੁਖੀ ਧਰਮਕੋਟ ਦੇ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਦਾ ਕਹਿਣਾ ਹੈ ਕਿ ਇਨ੍ਹਾਂ ਉੱਪਰ 2014 ਦੇ ਵਿਚ ਕਰਾਸ ਦਾ ਪਰਚਾ ਦਰਜ ਹੈ ਜਿਸ ਦਾ ਅਦਾਲਤ ਵੱਲੋਂ ਕੋਈ ਵੀ ਫੈਸਲਾ ਨਹੀਂ ਹੋਇਆ ਪਰ ਇੱਥੇ ਇੱਕ ਸੋਚਣ ਵਾਲੀ ਗੱਲ ਇਹ ਵੀ ਹੈ ਕਿ ਜੇਕਰ ਅਦਾਲਤ ਵੱਲੋਂ ਕੋਈ ਵੀ ਫੈਸਲਾ ਨਹੀਂ ਹੋਇਆ ਤਾਂ 2019 ਦੇ ਵਿੱਚ ਪੀਸੀਸੀ ਕਿਵੇਂ ਮਿਲ ਗਈ।



# ਰਿਹਾਇਸ਼ੀ ਪਲਾਟਾ ਵਿੱਚ ਗੰਦਾ ਪਾਣੀ ਛੱਡੇ ਜਾਣ ਕਾਰਨ ਮਾਲਕ ਪ੍ਰੇਸ਼ਾਨ

**ਰਾਮਾਂ ਮੰਡੀ/ਅਨਿਲ ਜੈਨ**

ਸਥਾਨਕ ਕਮਾਲੂ ਰੋੜ ਸਥਿਤ ਫੈਕਟਰੀਆਂ ਅਤੇ ਮੁਹੱਲੇ ਦੀਆਂ ਨਾਲੀਆਂ ਦਾ ਗੰਦਾ ਪਾਣੀ ਕਮਾਲੂ ਰੋੜ 'ਤੇ ਖਾਲੀ ਪਏ ਰਿਹਾਇਸ਼ੀ ਪਲਾਂਟਾਂ 'ਚ ਛੱਡੇ ਜਾਣ ਤੋ ਪ੍ਰੇਸ਼ਾਨ ਹੋਏ ਪਲਾਂਟ ਮਾਲਕਾਂ ਵੱਲੋ ਗੰਦਾ ਪਾਣੀ ਰੋਕਨ ਲਈ ਨਗਰ ਕੌਂਸਲ ਅਤੇ ਥਾਣੇ ਵਿੱਚ ਲਿਖਤੀ ਦਰਖਾਸਤਾਂ ਦਿੱਤੀਆ ਗਈਆ ਹਨ ਜਿਹਨਾਂ ਵਿੱਚ ਉਹਨਾਂ ਕਿਹਾ ਕਿ ਗੰਦੇ ਪਾਣੀ ਦੀ ਨਿਕਾਸੀ ਦਾ ਹੱਲ ਸਰਕਾਰ ਦੀ ਮੁਢਲੀ ਜ਼ੁੰਮੇਵਾਰੀ ਹੈ ਅਤੇ ਜ਼ੁੰਮੇਵਾਰ ਵਿਭਾਗ ਨੂੰ ਗੰਦਾ ਪਾਣੀ ਉਹਨਾਂ ਦੇ ਪਲਾਟਾ ਵਿੱਚ ਛੱਡਣ ਦਾ ਕੋਈ ਅਧਿਕਾਰ ਨਹੀਂ ਹੈ। ਪਲਾਂਟ ਮਾਲਕਾਂ ਦਾ ਕਹਿਣਾ ਹੈ ਕਿ ਪਲਾਟਾ ਵਿੱਚ ਗੰਦਾ ਪਾਣੀ ਛੱਡੇ ਜਾਣ ਨਾਲ ਪਲਾਂਟਾਂ ਦੀਆਂ ਕੀਮਤਾਂ ਖਤਮ ਹੋ ਗਈਆ ਹਨ।ਹੁਣ ਨਾ ਤਾਂ ਉਹ ਗੰਦੇ ਪਾਣੀ ਕਾਰਨ ਘਰ ਬਣਾ ਕੇ ਰਿਹਾਇਸ਼ ਕਰ ਸਕਦੇ ਹਨ ਅਤੇ ਨਾ ਹੀ ਕੋਈ ਗਾਹਕ ਉਹਨਾਂ ਪਲਾਟਾ ਨੂੰ ਖਰੀਦਣ ਲਈ ਤਿਆਰ ਹੈ। ਉਹਨਾਂ ਕਿਹਾ ਕਿ ਇੱਕ ਪਾਸੇ ਤਾਂ ਸਰਕਾਰ ਗਰੀਬ ਲੋਕਾਂ ਨੂੰ ਘਰ ਬਣਾ ਕੇ ਦੇਣ ਦੇ ਦਾਅਵੇ ਕਰਦੀ ਨਹੀਂ ਥੱਕਦੀ ਅਤੇ ਦੂਜੇ ਪਾਸੇ ਉਹਨਾਂ ਵੱਲੋ ਮਕਾਨਾਂ ਲਈ ਖਰੀਦੇ ਪਲਾਟਾ ਵਿੱਚ ਗੰਦਾ ਪਾਣੀ ਛੱਡ ਕੇ ਮਕਾਨ ਬਨਾਉਣ ਦਾ ਸਪਨਾ ਚਕਨਾਚੂਰ ਕਰ ਦਿੱਤਾ ਗਿਆ ਹੈ। ਉਹਨਾਂ ਦਰਖਾਸਤਾਂ ਰਾਹੀਂ ਪਲਾਟਾ ਵਿੱਚੋ ਗੰਦੇ ਪਾਣੀ ਦੀ ਸਪਲਾਈ ਬੰਦ ਕਰਨ ਦੀ ਮੰਗ ਕੀਤੀ ।

**ਪਲਾਟ ਮਾਲਕਾ ਨੇ ਨਗਰ ਕੌਂਸਲ ਅਤੇ ਥਾਣੇ 'ਚ ਦਿੱਤੀਆਂ ਲਿਖਤੀ ਦਰਖਾਸਤਾਂ**



# ਭਾਜਪਾ ਜਲਦੀ ਪਿੰਡਾਂ ਵਿੱਚ ਆਪਣੀਆਂ ਸਰਗਰਮੀਆਂ ਕਰੇਗੀ ਤੇਜ-ਕਪਿਆਲ



**ਸੰਗਰੂਰ/ਵਰਮਾ**

ਭਾਜਪਾ ਕਿਸਾਨ ਮੋਰਚਾ ਵੱਲੋਂ ਮਨਿੰਦਰ ਸਿੰਘ ਕਪਿਆਲ ਦੀ ਪ੍ਰਧਾਨਗੀ ਹੇਠ ਇੱਕ ਮੀਟਿੰਗ ਜਲ੍ਹਿਾ ਸੰਗਰੂਰ ਵਿਖੇ ਕੀਤੀ ਗਈ। ਜਿਸ ਵਿੱਚ ਵਿਸੇਸ ਤੌਰ ਤੇ ਭਾਜਪਾ ਪੰਜਾਬ ਦੇ ਕਾਰਜਕਾਰੀ ਮੈਂਬਰ ਐਡਵੋਕੇਟ ਲਲਿਤ ਗਰਗ ਸਾਮਲ ਹੋਏ। ਕਿਸਾਨ ਮੋਰਚਾ ਜਲ੍ਹਿਾ ਸੰਗਰੂਰ ਦੇ ਇੰਚਾਰਜ ਸੁਨੀਲ ਗੋਇਲ ਡਿੰਪਲ ਵੀ ਮੀਟਿੰਗ ਵਿੱਚ ਹਾਜਰ ਸਨ। ਇਸ ਮੌਕੇ ਮਨਿੰਦਰ ਸਿੰਘ ਕਪਿਆਲ ਨੇ ਕਿਸਾਨ ਮੋਰਚਾ ਦੀ ਟੀਮ ਨਾਲ ਵਿਧਾਨ ਸਭਾ ਚੋਣਾਂ ਦੇ ਮੱਦੇਨਜਰ ਵਿਚਾਰ-ਵਟਾਂਦਰਾ ਕੀਤਾ। ਉਨ੍ਹਾਂ ਜਲ੍ਹਿਾ ਪ੍ਰਧਾਨ ਤੇ ਮੰਡਲ ਪ੍ਰਧਾਨ ਨੂੰ ਕਿਹਾ ਕਿ ਆਪਣੀ ਪੂਰੀ ਟੀਮ ਨੂੰ ਨਾਲ ਲੈ ਕੇ ਬੂਥ ਪੱਧਰ ਤੱਕ ਪਾਰਟੀ ਨੂੰ ਮਜਬੂਤ ਕਰਨ ਲਈ ਕੰਮ ਕੀਤਾ ਜਾਵੇ। ਇਸ ਮੌਕੇ ਮਨਿੰਦਰ ਸਿੰਘ ਕਪਿਆਲ ਨੇ ਕਿਹਾ ਕਿ ਕਿਸਾਨ ਮੋਰਚਾ ਦੀ ਪੂਰੀ ਟੀਮ ਬਹੁਤ ਹੀ ਤਨਦੇਹੀ ਨਾਲ ਕੰਮ ਕਰ ਰਹੀ ਹੈ।

ਉਨ੍ਹਾਂ ਕਿਹਾ ਕਿ ਇਸ ਮੀਟਿੰਗ ਦੀ ਪੂਰੀ ਜਾਣਕਾਰੀ ਸੂਬਾ ਪ੍ਰਧਾਨ ਕਿਸਾਨ ਮੋਰਚਾ ਬਿਕਰਮਜੀਤ ਸਿੰਘ ਅਤੇ ਕਿਸਾਨ ਮੋਰਚਾ ਪੰਜਾਬ ਦੇ ਇੰਚਾਰਜ ਰਜਿੰਦਰ ਮੋਹਨ ਛੀਨਾਂ, ਅਤੇ ਪੰਜਾਬ ਕਿਸਾਨ ਮੋਰਚਾ ਦੇ ਸਹਿ- ਇੰਚਾਰਜ ਗੁਰਵਿੰਦਰ ਸਿੰਘ ਭੰਗਤਾ ਨੂੰ ਦਿੱਤੀ ਜਾਵੇਗੀ। ਇਸ ਮੌਕੇ ਕਿਸਾਨ ਮੋਰਚਾ ਜਲਿਾ ਸੰਗਰੂਰ ਦੇ ਇੰਚਾਰਜ ਸੁਨੀਲ ਗੋਇਲ ਡਿੰਪਲ ਅਤੇ ਲਲਿਤ ਕੁਮਾਰ ਗਰਗ ਨੇ ਕਿਸਾਨ ਮੋਰਚਾ ਦੀ ਟੀਮ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਜਲ੍ਹਿਾ ਸੰਗਰੂਰ ਕਿਸਾਨ ਮੋਰਚਾ ਦੀ ਟੀਮ ਬਹੁਤ ਮਿਹਨਤੀ ਟੀਮ ਹੈ ਅਤੇ ਅਸੀਂ ਆਸ ਕਰਦੇ ਹਾਂ ਕਿ ਇਹ ਟੀਮ ਭਾਜਪਾ ਦੀ ਚੜਦੀ ਕਲਾ ਲਈ ਡਟ ਕੇ ਕੰਮ ਕਰੇਗੀ। ਇਸ ਮੌਕੇ ਜਲ੍ਹਿਾ ਪ੍ਰਧਾਨ ਅਰਮਿੰਦਰ ਸਿੰਘ ਗੋਲਡੀ ਨੇ ਸਾਰੇ ਕਿਸਾਨ ਮੋਰਚਾ ਦੇ ਵਰਕਰਾਂ ਦਾ ਮੀਟਿੰਗ ਵਿੱਚ ਪਹੁੰਚਣ ਤੇ ਧੰਨਵਾਦ ਕੀਤਾ। ਇਸ ਮੌਕੇ ਭਾਜਪਾ ਕਿਸਾਨ ਮੋਰਚਾ ਦੇ ਕਾਰਜਕਾਰੀ ਮੈਂਬਰ ਹਰਦੀਪ ਸਿੰਘ ਸਿੱਧਵਾਂ, ਮਨਦੀਪ ਸਿੰਘ ਜੱਗੀ, ਮੰਡਲ ਪ੍ਰਧਾਨ ਕਿਸਾਨ ਮੋਰਚਾ ਲਵਪ੍ਰੀਤ ਸਿੰਘ ਸੰਗਰੂਰ ਤੇ ਭਾਜਪਾ ਕਿਸਾਨ ਮੋਰਚਾ ਦੇ ਵਰਕਰ ਵੱਡੀ ਗਿਣਤੀ ਵਿੱਚ ਹਾਜਰ ਸਨ।

# ਪਿੰਡ ਮਲਕਾਣਾ ਵਿਖੇ 330 ਵਿਕਤੀਆਂ ਨੂੰ ਕਰੋਨਾ ਵੈਕਸੀਨ ਦੇ ਟੀਕੇ ਲਗਾਏ

**ਰਾਮਾਂ ਮੰਡੀ/ਅਨਿਲ ਜੈਨ**



ਗੁਰੂ ਗੋਬਿੰਦ ਸਿੰਘ ਸਪੋਰਟਸ ਐਂਡ ਵੈਲਫੇਅਰ ਕਲੱਬ ਮਲਕਾਣਾ ਅਤੇ ਗ੍ਰਾਮ ਪੰਚਾਇਤ ਮਲਕਾਣਾ ਵੱਲੋ ਸਿਹਤ ਵਿਭਾਗ ਦੇ ਸਹਿਯੋਗ ਨਾਲ ਕੋਰੋਨਾ ਮਹਾਂਮਾਰੀ ਤੋਂ ਬਚਾਓ ਲਈ ਸਥਾਨਕ ਡਿਸਪੈਂਸਰੀ ਵਿਖੇ ਵੈਕਸੀਨੇਸ਼ਨ ਕੈਂਪ ਲਗਾਇਆ ਗਿਆ।ਇਸ ਕੈਂਪ ਦੋਰਾਨ 330 ਵਿਅਕਤੀਆਂ ਨੂੰ ਕੋਵੀਸੀਲਡ ਦੀ ਡੋਜ ਲਗਾਈ ਗਈ।ਇਸ ਮੋਕੇ ਸਰਪੰਚ ਬਲਵਿੰਦਰ ਸਿੰਘ ਭੂੰਦੜ ਨੇ ਕਿਹਾ ਕਿ ਲੋਕ ਕੋਰਾਨਾ ਮਹਾਂਮਾਰੀ ਤੋ ਬਚਣ ਲਈ ਵੈਕਸੀਨੇਸ਼ਨ ਲਗਵਾਉਣ ਲਈ ਜਾਗਰੂਕ ਹੋ ਚੁੱਕੇ ਹਨ। ਉਹਨਾਂ ਸਰਕਾਰ ਵੱਲੋ ਸ਼ੁਰੂ ਕੀਤੀ ਗਈ ਵੈਕਸੀਨੇਸ਼ਨ ਮੁਹਿੰਮ ਲਈ ਸਰਕਾਰ ਦਾ ਧੰਨਵਾਦ ਵੀ ਕੀਤਾ। ਇਸ ਮੋਕੇ ਸਿਹਤ ਵਿਭਾਗ ਦੇ ਡਾ.ਸੁਖਪਾਲ ਸਿਘ, ਮਨਪ੍ਰੀਤ ਕੋਰ, ਰਾਣੀ ਕੋਰ ਏਐਨਐਮ, ਅਮਨਦੀਪ ਕੋਰ ਏਐਨਐਮ, ਬੇਅੰਤ ਕੋਰ, ਜਗਜੀਤ ਸਿੰਘ ਐਮਪੀਐਚਡਬਲਯੂ, ਬੂਟਾ ਸਿੰਘ, ਮਨਪ੍ਰੀਤ ਸਿੰਘ ਫਾਰਮਾਸਿਸਟ, ਬਿੱਟੂ ਸਿੰਘ , ਮਾਸਟਰ ਜਗਜੀਵਨ ਸਿੰਘ, ਰਮਨਦੀਪ ਕੋਰ ਆਸ਼ਾ ਵਰਕਰ, ਸ਼ੈਂਪੀ ਕੋਰ, ਕਰਮਜੀਤ ਸਿੰਘ ਅਤੇ ਅੰਮ੍ਰਿਤਪਾਲ ਸਿੰਘ ਮਲਕਾਣਾ ਵਿਸੇਸ ਤੋਰ 'ਤੇ ਹਾਜਰ ਸਨ।



# ਖਿਡਾਰੀਆਂ ਲਈ ਪੀਣ ਵਾਲੇ ਪਾਣੀ ਦੇ ਮੁਕੰਮਲ ਹੋਏ ਪ੍ਰਾਜੈਕਟ ਦਾ ਸਾਬਕਾ ਵਿਧਾਇਕ ਸਿੱਧੂ ਨੇ ਕੀਤਾ ਉਦਘਾਟਨ

**ਰਾਮਾਂ ਮੰਡੀ/ਅਨਿਲ ਜੈਨ, ਗੁਰਜੰਟ ਸਿੰਘ ਨਥੇਹਾ**

ਵਿਧਾਨ ਸਭਾ ਹਲਕਾ ਤਲਵੰਡੀ ਸਾਬੋ ਦੇ ਪਿੰਡ ਪੱਕਾ ਕਲਾਂ ਦੇ ਸਰਕਾਰੀ ਸੈਕੰਡਰੀ ਸਕੂਲ ਵਿੱਚ ਸਵੇਰੇ ਸ਼ਾਮ ਪ੍ਰੈਕਟਿਸ ਕਰਨ ਵਾਲੇ ਖਿਡਾਰੀਆਂ ਨੂੰ ਪੀਣ ਵਾਲੇ ਪਾਣੀ ਦੀ ਪੇਸ਼ ਆ ਰਹੀ ਦਿੱਕਤ ਨੂੰ ਦੂਰ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਜੀਤਮਹਿੰਦਰ ਸਿੰਘ ਸਿੱਧੂ ਸਾਬਕਾ ਵਿਧਾਇਕ ਨੇ ਅੱਜ ਪੀਣ ਵਾਲੇ ਪਾਣੀ ਦੇ ਮੁਕੰਮਲ ਪ੍ਰਾਜੈਕਟ ਦਾ ਰੀਬਨ ਕੱਟ ਕੇ ਉਦਘਾਟਨ ਕੀਤਾ।

ਮਿਲੀ ਜਾਣਕਾਰੀ ਅਨੁਸਾਰ ਪਿੰਡ ਪੱਕਾ ਕਲਾਂ ਦੇ ਸਰਕਾਰੀ ਸੈਕੰਡਰੀ ਸਕੂਲ ਵਿੱਚ ਸਵੇਰੇ ਸ਼ਾਮ ਪਿੰਡ ਦੇ ਲਗਪੱਗ 300 ਨੌਜਵਾਨ ਫੁੱਟਬਾਲ,ਬਾਲੀਬਾਲ ਅਤੇ ਕ੍ਰਿਕੇਟ ਆਦਿ ਖੇਡਾਂ ਲਈ ਪ੍ਰੈਕਟਿਸ ਕਰਦੇ ਹਨ ਪਰ ਗਰਾਂਊਡ ਵਿੱਚ ਪੀਣ ਦੇ ਪਾਣੀ ਦੀ ਯੋਗ ਸਹੂਲਤ ਨਾ ਹੋਣ ਕਾਰਣ ਉਨਾਂ ਨੂੰ ਵੱਡੀ ਦਿੱਕਤ ਪੇਸ਼ ਆ ਰਹੀ ਸੀ।ਪਿਛਲੇ ਦਿਨੀਂ ਪਿੰਡ ਦੇ ਦੌਰੇ ਤੇ ਆਏ ਸਾਬਕਾ ਵਿਧਾਇਕ ਜੀਤਮਹਿੰਦਰ ਸਿੰਘ ਸਿੱਧੂ ਕੋਲ ਖਿਡਾਰੀਆਂ ਅਤੇ ਪਿੰਡ ਵਾਸੀਆਂ ਨੇ ਇਹ ਮਸਲਾ ਰੱਖਿਆ ਸੀ ਜਿਸ ਤੇ ਉਨਾਂ ਨੇ ਮਸਲੇ ਦੇ ਹੱਲ ਦਾ ਭਰੋਸਾ ਦਿੱਤਾ ਸੀ।ਸਾਬਕਾ ਵਿਧਾਇਕ ਨੇ ਆਪਣੇ ਕੋਲੋਂ ਖਿਡਾਰੀਆਂ ਦੇ ਪੀਣ ਵਾਲੇ ਪਾਣੀ ਦਾ ਪ੍ਰਬੰਧ ਕਰਨ ਲਈ ਪਾਣੀ ਸਟੋਰ ਕਰਨ ਵਾਲੀ ਟੈਂਕੀ,ਪਾਣੀ ਚੜਾਉਣ ਵਾਸਤੇ ਮੋਟਰ,ਵਾਟਰ ਕੂਲਰ ਅਤੇ ਆਰ.ਓ ਲਗਵਾਇਆ।ਉਕਤ ਪੂਰੇ ਪ੍ਰਾਜੈਕਟ ਦੇ ਅੱਜ ਮੁਕੰਮਲ ਹੋ ਜਾਣ ਤੇ ਖੇਡ ਗਰਾਂਊਡ ਵਿੱਚ ਰੱਖੇ ਇੱਕ ਸਾਦੇ ਪ੍ਰੋਗਰਾਮ ਦੌਰਾਨ ਸਾਬਕਾ ਵਿਧਾਇਕ ਸਿੱਧੂ ਅਤੇ ਉਨਾਂ ਦੇ ਸਪੁੱਤਰ ਕਾਕਾ ਗੁਰਬਾਜ਼ ਸਿੰਘ ਸਿੱਧੂ ਨੇ ਰੀਬਨ ਕੱਟ ਕੇ ਉਦਘਾਟਨ ਕੀਤਾ।ਸਾਬਕਾ ਵਿਧਾਇਕ ਨੇ ਇਸ ਮੌਕੇ ਸੰਬੋਧਨ ਦੌਰਾਨ ਕਿਹਾ ਕਿ ਹਲਕਾ ਤਲਵੰਡੀ ਸਾਬੋ ਦਾ ਹਰੇਕ ਪਿੰਡ ਉਨਾਂ ਦੇ ਪਰਿਵਾਰ ਦਾ ਹਿੱਸਾ ਹੈ ਅਤੇ ਆਪਣੇ ਪਰਿਵਾਰ ਲਈ ਲੋੜੀਂਦੇ ਕੰਮ ਕਰਨੇ ਉਨਾਂ ਦਾ ਫਰਜ਼ ਬਣਦਾ ਹੈ।ਇਸ ਮੌਕੇ ਨੌਜਵਾਨ ਆਗੂ ਗੋਰਾ ਸਿੰਘ ਪੱਕਾ ਨੇ ਉਨਾਂ ਦਾ ਧੰਨਵਾਦ ਕੀਤਾ ਜਦੋਂਕਿ ਪਿੰਡ ਵਾਸੀਆਂ ਅਤੇ ਖਿਡਾਰੀਆਂ ਵੱਲੋਂ ਉਨਾਂ ਦਾ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਸੀ.ਆਗੂ ਟਿੱਕਾਜੀਤ ਸਿੰਘ,ਅਵਤਾਰ ਮੈਨੂੰਆਣਾ,ਜੱਜ ਸਿੰਘ ਨੰਬਰਦਾਰ,ਨਛੱਤਰ ਸਿੰਘ ਮੰਗੂ ਨੰਬਰਦਾਰ,ਬਿੰਦਰ ਪੱਕਾ,ਕਾਕਾ ਮੈਂਬਰ,ਅਮਨਦੀਪ ਸੇਖੂ,ਬਲਕਰਨ ਸਿੰਘ ਸਾਬਕਾ ਸਰਪੰਚ,ਗੋਰਾ ਸਿੰਘ ਪੱਕਾ ਕਲਾਂ,ਬੱਬੂ ਪੱਕਾ,ਜਗਦੀਪ ਪਟਵਾਰੀ ਅਤੇ ਖਿਡਾਰੀ ਕੁਲਵਿੰਦਰ ਟੀ.ਟੀ,ਅਮਨਾ ਸੇਖੂ ਮੌਜੂਦ ਸਨ।

# ਨਵੀਂ ਜ਼ਿੰਮੇਵਾਰੀ ਮਿਲਣ ਤੇ ਪੂਨੀਆ ਨੂੰ ਸ਼ੁਭ ਚਿੰਤਕਾਂ ਨੇ ਕੀਤਾ ਸਨਮਾਨਤ



**ਸੰਗਰੂਰ/ਵਰਮਾ**

ਸੀਨੀਅਰ ਭਾਜਪਾ ਆਗੂ ਸ੍ਰ.ਅਮਨਦੀਪ ਸਿੰਘ ਪੂਨੀਆ ਨੂੰ ਪੰਜਾਬ ਭਾਜਪਾ ਦੇ ਕਿਸਾਨ ਮੋਰਚਾ ਦਾ ਸੂਬਾ ਸਹਿ-ਪ੍ਰਭਾਰੀ ਲਗਾਉਣ ਕਾਰਨ ਸਰਦਾਰ ਪੂਨੀਆਂ ਦੇ ਸ਼ੁਭ ਚਿੰਤਕਾਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਹੈ। ਜਿਲਾ ਪ੍ਰਧਾਨ ਭਾਜਪਾ ਐਸ.ਸੀ. ਮੋਰਚਾ ਸੁਰਜੀਤ ਸਿੰਘ ਸਿੱਧੂ ਵੱਲੋਂ ਸ੍ਰ. ਪੂਨੀਆ ਦਾ ਸਿਰੋਪਾ ਪਾ ਕੇ ਸਨਮਾਨ ਕੀਤਾ ਗਿਆ।ਸ੍ਰ.ਪੂਨੀਆ ਦੇ ਸ਼ੁਭਚਿੰਤਕਾਂ ਨੇ ਭਾਜਪਾ ਹਾਈ ਕਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਪੂਨੀਆ ਪਾਰਟੀ ਨੂੰ ਸਮਰਪਿਤ ਅਤੇ ਮਿਹਨਤੀ ਵਰਕਰ ਹਨ। ਜਿਨ੍ਹਾਂ ਦਾ ਭਾਜਪਾ ਆਗੂਆਂ ਅਤੇ ਵਰਕਰਾਂ ਨਾਲ ਸਿੱਧਾ ਰਾਬਤਾ ਹੈ। ਪਾਰਟੀ ਹਾਈ ਕਮਾਨ ਨੇ ਉਨ੍ਹਾਂ ਨੂੰ ਇਹ ਨਵੀਂ ਜ਼ੰਮਿਵਾਰੀ ਸੌਂਪ ਕੇ ਭਾਜਪਾ ਨੂੰ ਮਜਬੂਤ ਕਰਨ ਦੀ ਦਿਸ਼ਾ ਵੱਲ ਬਹੁਤ ਵਧੀਆ ਕਦਮ ਚੁੱਕਿਆ ਹੈ। ਉਨ੍ਹਾਂ ਦੀ ਅਗਵਾਈ ਵਿੱਚ ਭਾਜਪਾ ਹੋਰ ਵੀ ਮਜਬੂਤ ਹੋ ਕੇ ਉੱਭਰੇਗੀ। ਇਸ ਮੌਕੇ ਉਨ੍ਹਾਂ ਸ੍ਰ. ਪੂਨੀਆ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਉਨ੍ਹਾਂ ਵੱਲੋਂ ਪੁਰਜ਼ੋਰ ਮਿਹਨਤ ਨਾਲ ਪਾਰਟੀ ਦੀ ਕੀਤੀ ਜਾ ਰਹੀ ਸੇਵਾ ਦਾ ਫ਼ਲ ਪਾਰਟੀ ਵੱਲੋਂ ਉਨ੍ਹਾਂ ਨੂੰ ਦਿੱਤਾ ਗਿਆ ਹੈ। ਜਿਸ ਤੋਂ ਸਾਬਤ ਹੁੰਦਾ ਹੈ ਕਿ ਭਾਜਪਾ ਭਾਈ-ਭਤੀਜਾਵਾਦ ਨੂੰ ਹੱਲਾਸ਼ੇਰੀ ਨਹੀਂ ਦਿੰਦੀ, ਬਲਕਿ ਪਾਰਟੀ ਨੂੰ ਸਮਰਪਿਤ ਅਤੇ ਮਿਹਨਤੀ ਆਗੂਆਂ ਅਤੇ ਵਰਕਰਾਂ ਨੂੰ ਵੱਡੀਆਂ ਜ਼ਿੰਮੇਵਾਰੀਆਂ ਸੌਂਪਦੀ ਹੈ। ਉਨ੍ਹਾਂ ਨੂੰ ਪੂਰੀ ਆਸ ਹੈ ਕਿ ਸ੍ਰ. ਪੂਨੀਆ ਪਹਿਲਾਂ ਨਾਲੋਂ ਵੀ ਵੱਧ-ਚੜ੍ਹ ਕੇ ਪਾਰਟੀ ਹਿੱਤਾਂ ਲਈ ਕੰਮ ਕਰਨਗੇ। ਉਨ੍ਹਾਂ ਪੂਨੀਆ ਨੂੰ ਭਰੋਸਾ ਦਿਵਾਇਆ ਕਿ ਉਹ ਹਰ ਸਮੇਂ ਉਨ੍ਹਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਪਾਰਟੀ ਦੇ ਹਿੱਤਾਂ ਲਈ ਕੰਮ ਕਰਦੇ ਰਹਿਣਗੇ। ਸ੍ਰ ਪੂਨੀਆ ਨੇ ਉਨ੍ਹਾਂ ਨੂੰ ਸੌਂਪੀ ਗਈ ਇਸ ਨਵੀਂ ਜ਼ੰਮਿਵਾਰੀ ਲਈ ਪਾਰਟੀ ਹਾਈ ਕਮਾਨ ਦਾ ਧੰਨਵਾਦ ਕੀਤਾ। ਉਨ੍ਹਾਂ ਨੇ ਪਾਰਟੀ ਹਾਈ ਕਮਾਨ ਅਤੇ ਆਪਣੇ ਸ਼ੁਭ ਚਿੰਤਕਾਂ ਨੂੰ ਭਰੋਸਾ ਦਿਵਾਉਂਦੇ ਹੋਏ ਕਿਹਾ ਕਿ ਉਹ ਪਹਿਲਾਂ ਨਾਲੋਂ ਵੀ ਵਧ-ਚੜ੍ਹ ਕੇ ਪਾਰਟੀ ਹਿੱਤਾਂ ਲਈ ਕੰਮ ਕਰਨਗੇ ਅਤੇ ਸਾਰਿਆਂ ਨੂੰ ਨਾਲ ਲੈ ਕੇ ਦਿਨ- ਰਾਤ ਇੱਕ ਕਰਦੇ ਹੋਏ ਪਾਰਟੀ ਦੀ ਮਜਬੂਤੀ ਲਈ ਕੰਮ ਕਰਨਗੇ। ਅਮਨ ਪੂਨੀਆ ਨੇ ਭਾਜਪਾ ਵਰਕਰਾਂ ਨਾਲ ਵਿਚਾਰ- ਵਟਾਂਦਰਾ ਕਰਕੇ ਕਿਸਾਨ ਭਰਾਵਾਂ ਦੀਆਂ ਸਮੱਸਿਆਵਾਂ ਨੂੰ ਪਾਰਟੀ ਹਾਈ ਕਮਾਨ ਅੱਗੇ ਰੱਖਣ ਦੀ ਗੱਲ ਵੀ ਕਹੀ।

# ਐਸਸੀ ਵਿੰਗ ਦੀ ਇਕਾਈ ਨੇ ਕੀਤੀਆਂ ਨਵੀਆਂ ਨਿਯੁਕਤੀਆਂ

**ਪਠਾਨਕੋਟ/ਸੁੱਖਵਿੰਦਰ ਜੰਡੀਰ**

ਜਿਵੇਂ ਜਿਵੇਂ ਵਿਧਾਨ ਸਭਾ ਚੋਣਾਂ ਨੇੜੇ ਆ ਰਹੀਆਂ ਹਨ ਵੱਖ ਵੱਖ ਪਾਰਟੀਆਂ ਵੱਲੋਂ ਆਪਣੀ ਪਾਰਟੀ ਨੂੰ ਮਜਬੂਤ ਬਣਾਉਣ ਲਈ ਕੰਮ ਕੀਤੇ ਜਾ ਰਹੇ ਹਨ ਉਸੇ ਦੇ ਚਲਦਿਆਂ ਅੱਜ ਪਠਾਨਕੋਟ ਦੇ ਕਾਂਗਰਸ ਭਵਨ ਵਿਚ ਐਸਸੀ ਵਿੰਗ ਦੀ ਇਕਾਈ ਦੀ ਇਕ ਬੈਠਕ ਪ੍ਰਧਾਨ ਅਸ਼ਨੀ ਕਾਲਾ ਦੀ ਅਗਵਾਈ ਵਿਚ ਹੋਈ ਜਿਸ ਵਿੱਚ ਮੁੱਖ ਮਹਿਮਾਨ ਵਜੋਂ ਕਾਂਗਰਸ ਦੇ ਯੁਵਾ ਨੇਤਾ ਅਸ਼ੀਸ਼ ਵਿੱਚ ਪਹੁੰਚੇ ਉੱਥੇ ਹੀ ਖਾਸ ਮਹਿਮਾਨਾਂ ਵਜੋਂ ਕਾਂਗਰਸ ਦੇ ਕਈ ਨੁਮਾਇੰਦੇ ਵੀ ਮੌਜੂਦ ਹੋਏ ਬੈਠਕ ਦੀ ਸੁਰੂਆਤ ਵਿੱਚ ਪਠਾਨਕੋਟ ਐਸਸੀ ਵਿੰਗ ਵਿਚ ਕੁਝ ਮੈਂਬਰਾਂ ਦੀਆਂ ਨਿਯੁਕਤੀਆਂ ਕੀਤੀਆਂ ਗਈਆਂ ਪ੍ਰੋਗਰਾਮ ਵਿਚ ਨਵੇਂ ਨਿਯੁਕਤ ਹੋਏ ਮੈਂਬਰਾਂ ਨੂੰ ਫੁੱਲਾਂ ਦੇ ਹਾਰ ਪਵਾ ਕੇ ਉਨ੍ਹਾਂ ਦਾ ਸਵਾਗਤ ਕੀਤਾ ਗਿਆ ਗੱਲਬਾਤ ਕਰਦਿਆਂ ਯੁਵਾ ਨੇਤਾ ਅਸ਼ੀਸ਼ ਵਿਜ ਨੇ ਦੱਸਿਆ ਕਿ ਕਾਂਗਰਸ ਪਾਰਟੀ ਦੀਆਂ ਚੰਗੀਆਂ ਨੀਤੀਆਂ ਨੂੰ ਦੇਖਦੇ ਹੋਏ ਅਤੇ ਦੂਜੀਆਂ ਪਾਰਟੀਆਂ ਦੇ ਰਵੱਈਏ ਤੋਂ ਤੰਗ ਆ ਕੇ ਲੋਕ ਦੂਜੀਆਂ ਪਾਰਟੀਆਂ ਨੂੰ ਛੱਡ ਕਾਂਗਰਸ ਪਾਰਟੀ ਨਾਲ ਜੁੜ ਰਹੇ ਹਨ ਉਨ੍ਹਾਂ ਦੱਸਿਆ ਕਿ ਅੱਜ ਐਸਸੀ ਵਿੰਗ ਵਿੱਚ ਕੁਝ ਨਵੀਆਂ ਨਿਯੁਕਤੀਆਂ ਕੀਤੀਆਂ ਗਈਆਂ ਹਨ ਉਨ੍ਹਾਂ ਕਿਹਾ ਕਿ ਇਨ੍ਹਾਂ ਸਾਰਿਆਂ ਦੇ ਸਹਿਯੋਗ ਨਾਲ ਕਾਂਗਰਸ ਪਾਰਟੀ ਨੂੰ ਹੋਰ ਮਜਬੂਤ ਬਣਾਇਆ ਜਾਵੇਗਾ ਅਤੇ ਆਉਣ ਵਾਲੀਆਂ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਪ੍ਰਦੇਸ਼ ਵਿੱਚ ਕਾਂਗਰਸ ਪਾਰਟੀ ਦੀ ਸਰਕਾਰ ਇੱਕ ਇਕ ਵਾਰ ਫਿਰ ਰਿਪੀਟ ਹੋਵੇਗੀ ਅੱਗੇ ਗੱਲਬਾਤ ਕਰਦਿਆਂ ਉੱਥੇ ਪਹੁੰਚੇ ਨੁਮਾਇੰਦਿਆਂ ਨੇ ਦੱਸਿਆ ਕਿ ਕਾਂਗਰਸ ਪਾਰਟੀ ਇੱਕ ਅਜਿਹੀ ਪਾਰਟੀ ਜਿਸ ਵਿਚ ਹਰ ਇਕ ਵਰਕਰ ਨੂੰ ਸਨਮਾਨ ਦਿੱਤਾ ਜਾਂਦਾ ਹੈ ਉਨ੍ਹਾਂ ਦੱਸਿਆ ਕਿ ਕਾਂਗਰਸ ਪਾਰਟੀ ਹਮੇਸ਼ਾ ਗਰੀਬਾਂ ਤੇ ਲੋੜਵੰਦਾਂ ਦੇ ਸਹਿਯੋਗ ਲਈ ਖੜ੍ਹੀ ਰਹਿੰਦੀ ਹੈ ਇਸ ਮੌਕੇ ਅਸ਼ਵਿਨੀ ਕਾਲਾ ਨੇ ਐੱਸ ਸੀ ਵਿੰਗ ਵਿੱਚ ਨਵੇਂ ਨਿਯੁਕਤ ਹੋਏ ਸਾਰੇ ਮੈਂਬਰਾਂ ਨੂੰ ਵਧਾਈ ਦਿੱਤੀ ਉੱਥੇ ਹੀ ਨਵੇਂ ਨਿਯੁਕਤ ਸਾਰੇ ਮੈਂਬਰਾਂ ਨੇ ਭਰੋਸਾ ਦਿਵਾਇਆ ਕਿ ਉਹ ਹਮੇਸ਼ਾ ਹੀ ਕਾਂਗਰਸ ਪਾਰਟੀ ਦੇ ਨਾਲ ਰਹਿ ਕੇ ਪਾਰਟੀ ਨੂੰ ਮਜਬੂਤ ਬਣਾਉਣ ਲਈ ਕੰਮ ਕਰਦੇ ਰਹਿਣਗੇ ਇਸ ਮੌਕੇ ਪਰਵੀਨ ਕੁਮਾਰ ਮਾਨ ਸਿੰਘ ਜਨਕ ਰਾਜ ਰਾਹੁਲ ਕੁਮਾਰ ਦੇਵੀ ਦਾਸ ਪਾਸਟਰ ਸੁਰਿੰਦਰ ਰਾਜ ਕੁਮਾਰ ਦੇ ਨਾਲ ਹੋਰ ਲੋਕ ਮੌਜੂਦ ਸਨ।



# ਗੁਰਦੁਆਰਾ ਟਾਹਲੀ ਸਾਹਿਬ ਵਿਖੇ ਸਮਾਜ ਸੇਵਕ ਸੰਸਥਾ ਦਰਸ਼ਨਾਂ ਨੂੰ ਪਹੁੰਚੀ

**ਭੋਗਪੁਰ/ਸੁੱਖਵਿੰਦਰ ਜੰਡੀਰ**



ਸਮਾਜ ਸੇਵਕ ਸੰਸਥਾ ਮੁੱਖੀ ਗਿਆਨੀ ਬੂਟਾ ਸਿੰਘ ਧੁੱਗਾਕਲਾਂ ਆਪਣੀ ਟੀਮ ਸਮੇਤ ਗੁਰਦੁਆਰਾ ਸ੍ਰੀ ਟਾਹਲੀ ਸਾਹਿਬ ਸਮਰਪਿਤ ਪਾਤਸਾਹੀ ਛੇਵੀਂ ਵਿਖੇ ਦਰਸਨਾਂ ਨੂੰ ਪਹੁੰਚੇ ਮੱਸਿਆ ਦੇ ਦਿਹਾੜੇ ਨੂੰ ਮੁੱਖ ਰੱਖਦੇ ਸੇਵਾਵਾਂ ਨਿਭਾਉਂਦੇ ਹੋਏ ਪਾਠੀ ਸਿੰਘਾਂ ਦੇ ਨਾਲ ਗੁਰੂ ਘਰ ਦੇ ਦਰਸਨ ਕੀਤੇ, ਇਸ ਮੌਕੇ ਤੇ ਗਿਆਨੀ ਬੂਟਾ ਸਿੰਘ ਧੁੱਗਾਕਲਾਂ ਜੋ ਕੇ ਸਮਾਜ ਸੇਵਕ ਸੰਸਥਾ ਦੇ ਮੁਖੀ ਅਤੇ ਬਹੁਤ ਹੀ ਸੂਝਵਾਨ ਪਾਠੀ ਸਿੰਘ ਹਨ ਨੇ ਦੱਸਿਆ ਕਿ ਗੁਰਦੁਆਰਾ ਟਾਹਲੀ ਸਾਹਿਬ ਵਿਖੇ ਹਰ ਮੱਸਿਆ ਤੇ ਦੀਵਾਨ ਸੱਜਦੇ ਹਨ ਅਤੇ ਵੱਖ-ਵੱਖ ਰਾਗੀ ਸਿੰਘਾ ਵੱਲੋਂ ਗੁਰਬਾਣੀ ਕੀਰਤਨ ਦੀ ਖੂਬ ਵਰਖਾ ਕੀਤੀ ਜਾਂਦੀ ਹੈ ਅਤੇ ਉਹ ਹਰ ਮਹੀਨੇ ਹੀ ਗੁਰਦੁਆਰਾ ਸਾਹਿਬ ਵਿਖੇ ਦਰਸਨਾਂ ਨੂੰ ਪੁਜਦੇ ਹਨ ਅਤੇ ਸੇਵਾਵਾਂ ਨਿਭਾਉਂਦੇ ਹਨ, ਇਸ ਅਸਥਾਨ ਤੇ ਹਰ ਮੱਸਿਆ ਦੇ ਦਿਹਾੜੇ ਤੇ ਭਾਰੀ ਗਿਣਤੀ ਵਿਚ ਸੰਗਤਾਂ ਪਹੁੰਚਦੀਆਂ ਹਨ, ਅਤੇ ਗੁਰੂ-ਘਰ ਦੀਆਂ ਖੁਸੀਆਂ ਪ੍ਰਾਪਤ ਕਰਦੀਆਂ ਹਨ ਇਸ ਮੌਕੇ ਤੇ ਗਿਆਨੀ ਬੂਟਾ ਸਿੰਘ ਧੁੱਗਾ ਕਲਾਂ ਦੇ ਨਾਲ ਪਰਮਜੀਤ ਸਿੰਘ ਖਾਲਸਾ, ਅਮਰਜੀਤ ਸਿੰਘ ਭੋਗਪੁਰ, ਬਿੱਕਰ ਸਿੰਘ ਆਦਿ ਸਿੰਘ ਹਾਜਰ ਸਨ।

# ਜੀ.ਕੇ.ਯੂ ਤਲਵੰਡੀ ਸਾਬੋ ਵਿਖੇ 9 ਸਤੰਬਰ ਨੂੰ ਹੋਵੇਗਾ ਨਾਈਟ-ਫਾਈਟ ਮੁੱਕੇਬਾਜੀ ਮੁਕਾਬਲਾ

**ਤਲਵੰਡੀ ਸਾਬੋ/ਗੁਰਜੰਟ ਸਿੰਘ ਨਥੇਹਾ**




ਟੋਕੀਓ ਉਲੰਪਿਕ ਤੇ ਪੈਰਾ ਉਲੰਪਿਕ ਵਿੱਚ ਭਾਰਤੀ ਖਿਡਾਰੀਆਂ ਦੇ ਪ੍ਰਦਰਸ਼ਨ ਨੇ ਉੱਭਰ ਰਹੇ ਖਿਡਾਰੀਆਂ ਦੇ ਹੌਸਲੇਂ ਨੂੰ ਨਵੇਂ ਖੰਭ ਲਾ ਦਿੱਤੇ ਹਨ।ਉਨ੍ਹਾਂ ਵਲੋਂ ਖੇਡਾਂ ਵਿੱਚ ਉੱਚੀਆਂ ਉਡਾਰੀਆਂ ਮਾਰਨ ਦੀ ਤਿਆਰੀ ਸ਼ੁਰੂ ਹੋ ਗਈ ਹੈ। ਗੁਰੂ ਕਾਸ਼ੀ ਯੂਨੀਵਰਸਿਟੀ ਤਲਵੰਡੀ ਸਾਬੋ ਵਲੋਂ ਮਿਤੀ 9 ਸਤੰਬਰ 2021 ਨੂੰ ਹੋਣ ਵਾਲੇ ਨਾਈਟ ਫਾਈਟ ਮੁੱਕੇਬਾਜੀ ਮੁਕਾਬਲੇ ਕਰਵਾਏ ਜਾ ਰਹੇ ਹਨ। ਇਸ ਬਾਰੇ ਜਾਣਕਾਰੀ ਦਿੰਦਿਆਂ ਡਾ. ਨੀਲਮ ਗਰੇਵਾਲ ਉਪ ਕੁਲਪਤੀ ਨੇ ਦੱਸਿਆ ਕਿ ਜੀ.ਕੇ.ਯੂ ਦੇ ਖੇਡ ਵਿਭਾਗ ਵਲੋਂ ਡਾ. ਰਵਿੰਦਰ ਸੁਮਲ ਡੀਨ ਦੀ ਦੇਖ ਰੇਖ ਹੇਠ ਏ.ਡੀ.ਐੱਸ ਬਾਕਸਿੰਗ ਕਲੱਬ ਦੇ ਸਹਿਯੋਗ ਨਾਲ ਜੀ.ਕੇ.ਯੂ ਦੇ ਆਡੀਟੋਰੀਅਮ ਵਿਖੇ ਵੀਰਵਾਰ ਸ਼ਾਮ 3 ਵਜੇ ਤੋਂ ਰਾਤ ਤੱਕ ਬਾਕਸਿੰਗ ਮੁਕਾਬਲੇ ਕਰਵਾਏ ਜਾਣਗੇ। ਜਿਸ ਵਿੱਚ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ ਦੇ ਮੁੱਕੇਬਾਜ ਹਿੱਸਾ ਲੈਣਗੇ ਇਨ੍ਹਾਂ ਮੁਕਾਬਲਿਆਂ ਲਈ ਪੂਰੀ ਤਿਆਰੀ ਮੁਕੰਮਲ ਕਰ ਲਈ ਗਈ ਹੈ।ਡਾ.ਸੁਮਲ ਨੇ ਦੱਸਿਆ ਕਿ ਇਸ ਤਰ੍ਹਾਂ ਦਾ ਰਾਤ ਨੂੰ ਹੋਣ ਵਾਲਾ ਮੁੱਕੇਬਾਜੀ ਮੁਕਾਬਲਾ ਇਲਾਕੇ ਵਿੱਚ ਪਹਿਲੀ ਵਾਰ ਹੋਵੇਗਾ, ਜਿਸ ਬਾਰੇ ਜੀ.ਕੇ.ਯੂ ਨੇ ਵੱਡੀ ਪਹਿਲ ਕਦਮੀ ਕੀਤੀ ਹੈ।ਡਾ.ਜਗਤਾਰ ਸਿੰਘ ਧੀਮਾਨ ਪਰੋ.ਵਾਈਸ ਚਾਂਸਲਰ ਨੇ ਕਿਹਾ ਕਿ ਇਹ ਖੇਡ ਮੁਕਾਬਲੇ ਖਿਡਾਰੀਆਂ ਲਈ ਪ੍ਰੇਰਣਾਦਾਇਕ ਹੁੰਦੇ ਹਨ, ਅਤੇ ਜੀਵਨ ਵਿੱਚ ਖੇਡ ਭਾਵਨਾ ਰਾਹੀਂ ਸੁਚੱਜੀ ਕਾਰਜ ਸ਼ੈਲੀ ਉਤਪਨ ਹੁੰਦੀ ਹੈ।

# ਥਾਣਾ ਸੰਭੂ ਦੀ ਪੁਲਿਸ ਵੱਲੋਂ 3 ਵਿਅਕਤੀ ਚੋਰੀ ਦੀ 6 ਕਿਲੋ 400 ਗਰਾਮ ਚਾਦੀ ਸਮੇਤ ਕਾਬੂ

**ਘਨੌਰ/ਸਰਦਾਰਾ ਸਿੰਘ**

ਥਾਣਾ ਸੰਭੂ ਪੁਲਿਸ ਚੋਰੀ ਦੀ 6 ਕਿਲੋ 400 ਗਰਾਮ ਚਾਦੀ ਸਮੇਤ ਤਿੰਨ ਵਿਅਕਤੀਆਂ ਨੂੰ ਕਾਬੂ ਕਰਨ ਦਾ ਦਾਅਵਾ ਕੀਤਾ ਹੈ । ਉਨਾਂ ਦੱਸਿਆ ਕਿ ਮਾਨਯੋਗ ਡਾ : ਸੰਦੀਪ ਕੁਮਾਰ ਗਰਗ ਐਸ ਐਸ ਪੀ ਪਟਿਆਲਾ ਜੀ ਦੇ ਦਿਆਂ ਨਿਰਦੇਸਾ ਅਤੇ ਹਦਾਇਤਾਂ ਅਨੁਸਾਰ ਸ੍ਰੀ ਜਸਵਿੰਦਰ ਸਿੰਘ ਟਿਵਾਣਾ ਪੀ ਪੀ ਐਸ , ਉਪ ਕਪਤਾਨ ਪੁਲਿਸ ਸਰਕਲ ਘਨੌਰ ਜੀ ਦੀ ਰਹਿਨੁਮਾਈ ਹੇਠ ਇੰਸਪੈਕਟਰ ਬਿਕਰਮਜੀਤ ਸਿੰਘ ਮੁੱਖ ਅਸਰ ਥਾਣਾ ਸੰਭੂ ਦੀ ਯੋਗ ਅਗਵਾਈ ਹੇਠ ਸ : ਥ : ਬਲਕਾਰ ਸਿੰਘ ਨੇ ਮੁੱਖਬਰ ਖਾਸ ਦੀ ਇਤਲਾਹ ਪਰ ਮੈਨੂੰ ਪੁੱਤਰ ਸਤਬੀਰ ਸਿੰਘ ਵਾਸੀ ਪਿੰਡ ਧਨੋਰੀ , ਦਲਬੀਰ ਪੁੱਤਰ ਸਾਧੂ ਵਾਸੀ ਪਿੰਡ ਕੋਇਲ ਅਤੇ ਰਾਜੇਸ ਕੁਮਾਰ ਪੁੱਤਰ ਅਜਮੇਰ ਸਿੰਘ ਵਾਸੀ ਪਿੰਡ ਨੇਪੇਵਾਲਾ ਥਾਣਾ ਗੜ੍ਹੀ ਜਿਲਾ ਜੀ ਹਰਿਆਣਾ ਨੂੰ ਜੋ ਸੋਨਾ ਚਾਦੀ ਚੋਰੀ ਕਰਨ ਆਦੀ ਹਨ ਨੂੰ ਦੋਰਾਨੇ ਨਾਕਾਬੰਦੀ ਸਮੇਤ ਗੱਡੀ ਨੰਬਰੀ ਐਚ ਆਰ 31 ਜੇ 6595 ਤੇ ਕਾਬੂ ਕਰਕੇ ਉਨ੍ਹਾਂ ਪਾਸੋਂ 6 ਕਿਲੋ 400 ਗਰਾਮ ਚਾਦੀ ਬਰਾਮਦ ਕਰਕੇ ਮੁੱਕਦਮਾ ਨੰਬਰ 12 ਅ / ਧ 454 , 380,411 ਥਾਣਾ ਸੰਭੂ ਦਰਜ ਰਜਿਸਟਰ ਕੀਤਾ ਗਿਆ ਦੋਸੀਆਨ ਨੇ ਆਪਣੇ ਪੁੱਛ ਗਿੱਛ ਦੌਰਾਨ ਮੰਨਿਆ ਹੈ ਕਿ ਉਹ ਇਹ ਚਾਦੀ ਸਾਹਬਾਦ ਹਰਿਆਣਾ ਤੋਂ ਚੋਰੀ ਕਰਕੇ ਲਿਆਏ ਹਨ ਜੋ ਦੋਸੀਆਨ ਨੂੰ ਮਾਨਯੋਗ ਅਦਾਲਤ ਵਿੱਚ ਪੇਸ ਕਰਕੇ 02 ਦਿਨ ਦਾ ਪੁਲਿਸ ਰਿਮਾਂਡ ਹਾਸਲ ਕੀਤਾ ਗਿਆ ਜੋ ਦੋਸੀਆਨ ਤੋਂ ਹੋਰ ਡੂੰਘਾਈ ਨਾਲ ਪੁੱਛ ਗਿੱਛ ਕੀਤੀ ਜਾ ਰਹੀ ਹੈ ਦੋਸੀਆਨ ਪਾਸੇ ਹੋਰ ਦੀ ਵੀ ਚੋਰੀ ਦਾ ਸਮਾਨ ਬਰਾਮਦ ਹੋਣ ਦੀ ਸੰਭਾਵਨਾ ਹੈ ।



# ਰਾਈਸ ਬਰਾਨ ਡੀਲਰਜ਼ ਐਸੋਸੀਏਸ਼ਨ ਮੋਗਾ ਦੀ ਨਵ ਨਿਯੁਕਤ ਟੀਮ ਨੂੰ ਪੰਜਾਬ ਖੱਤਰੀ ਸਭਾ ਯੂਥ ਵਿੰਗ ਵੱਲੋਂ ਕੀਤਾ ਗਿਆ ਸਨਮਾਨਿਤ

**ਮੋਗਾ/ਦਵਿੰਦਰ ਸਿੰਘ ਬਿੱਟੂ**



ਸਵਰਗੀ ਸ਼੍ਰੀ ਕ੍ਰਿਸ਼ਨ ਮਿੱਤਲ ਦੇ ਸਪੁੱਤਰ ਪੈਟਰਨ ਸੁਮੀਰ ਮਿੱਤਲ ਦੀ ਦੇਖਰੇਖ ਵਿਚ ਲੋਕ ਸੇਵਾ ਨੂੰ ਸਮਰਪਿਤ ਮੋਗਾ ਦੀ ਪ੍ਰਸਿੱਧ ਧਾਰਮਿਕ ਅਤੇ ਸਮਾਜ ਸੇਵੀ ਸੰਸਥਾ 'ਰਾਈਸ ਬਰਾਨ ਡੀਲਰਜ਼ ਐਸੋਸੀਏਸ਼ਨ' ਰਜਿ: 128 ਦੀ ਨਵ ਨਿਯੁਕਤ ਟੀਮ ਨੂੰ, ਪੰਜਾਬ ਖੱਤਰੀ ਸਭਾ ਯੂਥ ਵਿੰਗ ਦੇ ਮੈਂਬਰਾਂ ਵੱਲੋਂ ਸਨਮਾਨਿਤ ਕੀਤਾ ਗਿਆ। ਮੋਗਾ ਜ਼ਿਲ੍ਹੇ ਦੇ ਉੱਘੇ ਸਮਾਜ ਸੇਵੀ ਨਵੀਨ ਸਿੰਗਲਾ ਦੇ ਰਾਈਸ ਬਰਾਨ ਡੀਲਰਜ਼ ਐਸੋਸੀਏਸ਼ਨ ਦੇ ਪ੍ਰਧਾਨ ਵਜੋਂ ਨਿਯੁਕਤ ਹੋਣ 'ਤੇ ਖੱਤਰੀ ਸਭਾ ਮੋਗਾ ਵੱਲੋਂ ਵਿਸ਼ੇਸ਼ ਸਮਾਗਮ ਦੌਰਾਨ ਉਹਨਾਂ ਨੂੰ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਰਾਈਸ ਬਰਾਨ ਐਸੋਸੀਏਸ਼ਨ ਦੇ ਸਰਪ੍ਰਸਤ ਰਾਜਕਮਲ ਕਪੂਰ, ਚੇਅਰਮੈਨ ਬਲਦੇਵ ਬਿੱਲਾ, ਉੱਪ ਪ੍ਰਧਾਨ ਹਰੀਸ਼ ਧੀਰ, ਉੱਪ ਪ੍ਰਧਾਨ ਸੁਰਿੰਦਰ ਡੱਬੂ, ਪੈਟਰਨ ਸਮੀਰ ਮਿੱਤਲ , ਵਿਜੇ ਗੋਇਲ ਉੱਪ ਚੇਅਰਮੈਨ ਅਤੇ ਵਿਵੇਸ਼ ਗੋਇਲ ਵਾਈਸ ਪ੍ਰਧਾਨ, ਸੁਬੋਧ ਜਿੰਦਲ ਸੀਨੀਅਰ ਉੱਪ ਚੇਅਰਮੈਨ, ਹਰਮਨ ਗਿੱਲ, ਮੁਨੀਸ਼ ਕੰਬੋਜ, ਬਨਵਾਰੀ ਲਾਲ ਢੀਂਗਰਾ ਆਦਿ ਨੂੰ ਸਨਮਾਨਿਤ ਕੀਤਾ ਗਿਆ।

ਸਨਮਾਨਿਤ ਕਰਨ ਦੀਆਂ ਰਸਮਾਂ ਦੀਪਕ ਕੌੜਾ ਸੂਬਾ ਪ੍ਰਧਾਨ ਖੱਤਰੀ ਸਭਾ, ਪੰਜਾਬ ਖੱਤਰੀ ਸਭਾ ਯੂਥ ਵਿੰਗ ਦੇ ਮੋਗਾ ਸ਼ਹਿਰੀ ਪ੍ਰਧਾਨ ਸ਼ਿਵ ਟੰਡਨ, ਚੀਫ਼ ਐਡਵਾਈਜ਼ਰ ਪ੍ਰਿਤਪਾਲ ਸਿੰਘ, ਪ੍ਰੌਜੈਕਟ ਇੰਚਾਰਜ ਸੋਨੂੰ ਧਵਨ, ਸੀਨੀਅਰ ਉੱਪ ਪ੍ਰਧਾਨ ਭਾਰਤ ਭੂਸ਼ਣ ਜੈਦਕਾ, ਨਿਤਿਨ ਕੁਮਾਰ ਆਦਿ ਨੇ ਨਿਭਾਈਆਂ। ਯੂਥ ਵਿੰਗ ਦੇ ਸਾਰੇ ਮੈਂਬਰਾਂ ਨੇ ਐਸੋਸੀਏਸ਼ਨ ਦੇ ਅਹੁਦੇਦਾਰਾਂ ਅਤੇ ਮੈਂਬਰਾਂ ਨੂੰ ਸਨਮਾਨ ਚਿੰਨ ਅਤੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਦੀਪਕ ਕੌੜਾ ਨੇ ਆਖਿਆ ਕਿ ਰਾਈਸ ਬਰਾਨ ਡੀਲਰਜ਼ ਐਸੋਸੀਏਸ਼ਨ ਸਮਾਜ ਸੇਵੀ ਅਤੇ ਧਾਰਮਿਕ ਕਾਰਜਾਂ ਰਾਹੀਂ ਪੰਜਾਬ ਭਰ 'ਚ ਆਪਣੀ ਪਛਾਣ ਰੱਖਦੀ ਹੈ। ਉਹਨਾਂ ਆਖਿਆ ਕਿ ਐਸੋਸੀਏਸ਼ਨ ਵੱਲੋਂ ਹਰ ਸਾਲ ਦੀ ਤਰਾਂ ਇਸ ਸਾਲ ਵੀ 9 ਅਕਤੂਬਰ ਨੂੰ ਆਯੋਜਿਤ ਕੀਤੇ ਜਾਣ ਵਾਲੇ ਭਗਵਤੀ ਜਾਗਰਣ 'ਚ ਬਾਲੀਵੁੱਡ ਗਾਇਕਾਂ ਸਹਿਤ ਵੱਡੇ ਵੱਡੇ ਚੋਟੀ ਦੇ ਗਾਇਕਾਂ ਨੂੰ ਮਹਾਂਮਾਈ ਦੇ ਗੁਣਗਾਣ ਕਰਨ ਲਈ ਬੁਲਾਇਆ ਜਾਵੇਗਾ। ਉਹਨਾਂ ਨੇ ਕਿਹਾ ਕਿ ਐਸੋਸੀਏਸ਼ਨ ਵੱਲੋ ਵਿਦਿਆਰਥੀਆਂ ਨੂੰ ਪਾਠ ਪੁਸਤਕਾਂ ਵੰਡਣ, ਸਿੱਖਿਆ ਹਿਤ ਆਰਥਿਕ ਸਹਾਇਤਾ ਦੇਣ , ਸਰਦੀਆਂ 'ਚ ਬੂਟ ਜੁਰਾਬਾਂ, ਪਾਣੀ ਦੇ ਵਾਟਰ ਕੂਲਰ ਲਗਵਾਉਣ ਆਦਿ ਸਮਾਜ ਸੇਵੀ ਕਾਰਜਾਂ 'ਚ ਅੱਗੇ ਹੋ ਕੇ ਕੰਮ ਕਰਨ ਕਰਕੇ ਸ਼ਹਿਰਵਾਸੀ ਐਸੋਸੀਏਸ਼ਨ ਨੂੰ ਹਮੇਸ਼ਾ ਸਹਿਯੋਗ ਦਿੰਦੇ ਹਨ। ਰਾਈਸ ਬਰਾਨ ਡੀਲਰਜ਼ ਐਸੋਸੀਏਸ਼ਨ ਦੇ ਪ੍ਰਧਾਨ ਨਵੀਨ ਸਿੰਗਲਾ ਨੇ ਪੰਜਾਬ ਖੱਤਰੀ ਸਭਾ ਯੂਥ ਵਿੰਗ ਦਾ ਧੰਨਵਾਦ ਕਰਦਿਆਂ ਕਿਹਾ ਕਿ ਰਾਈਸ ਬਰਾਨ ਐਸੋਸੀਏਸ਼ਨ ਦਾ ਹਰ ਮੈਂਬਰ ਇਨਸਾਨੀਅਤ ਦੇ ਰਾਹ 'ਤੇ ਚੱਲਦਿਆਂ ਹਮੇਸ਼ਾ ਲੋਕ ਸੇਵਾ ਲਈ ਤੱਤਪਰ ਰਹੇਗਾ।

# ਫਿਸਡਮ ਨੇ ਟੈਕਨੋਲੋਜੀ ਅਧਾਰਤ ਐਚਐਨਆਈ ਵੈਲਥ ਸਪੇਸ ਵਿੱਚ ਵਿਚ ਰੱਖਿਆ ਕਦਮ ; ਅਭਿਜੀਤ ਭਾਵੇ ਨੂੰ ਫਿਸਡਮ ਪ੍ਰਾਈਵੇਟ ਵੈਲਥ ਦਾ ਸੀਈਓ ਕੀਤਾ ਨਿਯੁਕਤ

**ਚੰਡੀਗੜ੍ਹ/ਲੋਕ ਬਾਣੀ**

ਾਰਤ ਦੀ ਪ੍ਰਮੁੱਖ ਵੈਲਥ-ਟੈੱਕ ਕੰਪਨੀ, ਫਿਸਡਮ ਨੇ ਆਪਣੇ ਨਵੇਂ ਉੱਦਮ 'ਫਿਸਡਮ ਪ੍ਰਾਈਵੇਟ ਵੈਲਥ' ਦੇ ਸ਼ੁਭ ਆਰੰਭ ਦਾ ਐਲਾਨ ਕੀਤਾ ਹੈ। ਕੰਪਨੀ ਨੇ ਐਚਐਨਆਈਜ ਦੇ ਨਿਵੇਸ ਦੀਆਂ ਜਰੂਰਤਾਂ ਨੂੰ ਪੂਰਾ ਕਰਨ ਲਈ ਟੈਕਨੋਲੋਜੀ ਅਧਾਰਤ ਵੈਲਥ ਮੈਨੇਜਮੈਂਟ ਸਪੇਸ ਵਿੱਚ ਕਦਮ ਰੱਖਿਆ ਹੈ। ਵੈਲਥ ਮੈਨੇਜਮੈਂਟ ਇੰਡਸਟਰੀ ਦੇ ਉੱਘੇ ਤਜ਼ੁਰਬੇਕਾਰ ਅਭਿਜੀਤ ਭਾਵੇ ਨੂੰ ਫਿਸਡਮ ਪ੍ਰਾਈਵੇਟ ਵੈਲਥ ਦੇ ਮੁਖੀ ਵਜੋਂ ਚੀਫ ਐਗਜੀਕਿਉਟਿਵ ਅਫਸਰ ਨਿਯੁਕਤ ਕੀਤਾ ਗਿਆ ਹੈ। ਫਿਸਡਮ ਪ੍ਰਾਈਵੇਟ ਵੈਲਥ ਆਪਣੇ ਗਾਹਕਾਂ ਲਈ - ਮਿਉਚੁਅਲ ਫੰਡ, ਪੀਐਮਐਸ, ਏਆਈਐਫਸ , ਗੈਰ-ਸੂਚੀਬੱਧ ਪ੍ਰਾਈਵੇਟ ਇਕੁਇਟੀ, ਬਾਂਡ, ਐਫਡੀ, ਸਟ੍ਰਕਚਰਡ ਉਤਪਾਦ, ਬੀਮਾ ਅਤੇ ਅੰਤਰਰਾਸਟਰੀ ਉਤਪਾਦਾਂ ਸਮੇਤ ਵਿਭਿੰਨ ਨਿਵੇਸ ਉਤਪਾਦਾਂ ਦੀ ਪੇਸਕਸ ਕਰੇਗੀ। ਅਭਿਜੀਤ ਭਾਵੇ ਦੀ ਅਗਵਾਈ ਹੇਠ ਫਿਸਡਮ ਦੀ ਇਹ ਨਵੀਂ ਸ਼ਾਖਾ , ਨਿਰਧਾਰਤ ਸਮੇਂ ਵਿੱਚ ਕਈ ਹੋਰ ਪ੍ਰੋਪਰਾਇਟਰੀ ਉਤਪਾਦਾਂ ਨੂੰ ਵੀ ਲਾਂਚ ਕਰਨ ਦੀ ਯੋਜਨਾ ਬਣਾ ਰਹੀ ਹੈ। ਫਿਸਡਮ ਪ੍ਰਾਈਵੇਟ ਵੈਲਥ ਦਾ ਉਦੇਸ ਦੇਸ ਦੇ ਘੱਟ ਰੱਖਿਆ ਵਾਲੇ ਐਚਐਨਆਈ ਬਾਜਾਰਾਂ ਦੀ ਜਰੂਰਤ ਨੂੰ ਤਜਰਬੇਕਾਰ ਵੈਲਥ ਮੈਨੇਜਰਸ ਦੁਆਰਾ ਸਮਰਪਿਤ ਸਮਰਥਨ ਨਾਲ ਇੱਕ ਮਜਬੂਤ ਤਕਨੀਕੀ ਪਲੇਟਫਾਰਮ ਦੇ ਜ਼ਰੀਏ ਪੂਰਾ ਕਰਨਾ ਹੈ।

ਭਾਰਤ, ਸੰਯੁਕਤ ਅਰਬ ਅਮੀਰਾਤ ਅਤੇ ਵੀਅਤਨਾਮ ਵਿੱਚ ਵਿੱਤੀ ਸੇਵਾਵਾਂ ਉਦਯੋਗ ਵਿੱਚ ਪਿਛਲੇ ਢਾਈ ਦਹਾਕਿਆਂ ਤੋਂ , ਅਭਿਜੀਤ ਨੇ ਡਿਊਸ਼ ਬੈਂਕ ਅਤੇ ਐਚਐਸਬੀਸੀ ਵਰਗੀਆਂ ਵੱਡੀਆਂ ਗਲੋਬਲ ਸੰਸਥਾਵਾਂ ਵਿੱਚ ਲੀਡਰਸਪਿ ਭੂਮਿਕਾਵਾਂ ਨਿਭਾਈਆਂ ਹਨ । ਉਨ੍ਹਾਂ ਨੇ ਕਾਰਵੀ ਪ੍ਰਾਈਵੇਟ ਵੈਲਥ, ਆਈਸੀਆਈਸੀਆਈ ਬੈਂਕ ਅਤੇ ਯੂਨਿਟ ਟਰੱਸਟ ਆਫ ਇੰਡੀਆ ਦੇ ਨਾਲ ਵਿਭਿੰਨ ਕਾਰੋਬਾਰਾਂ ਜਿਵੇਂ ਕਿ ਸੰਪਤੀ ਪ੍ਰਬੰਧਨ, ਨਕਦ ਪ੍ਰਬੰਧਨ, ਕਾਰਪੋਰੇਟ ਅਤੇ ਪ੍ਰਚੂਨ ਬੈਂਕਿੰਗ ਵਿੱਚ ਵੱਖ ਵੱਖ ਭੂਮਿਕਾਵਾਂ ਨਿਭਾਉਂਦੇ ਹੋਏ ਕੰਮ ਕੀਤਾ ਹੈ।

ਫਿਸਡਮ ਨੇ ਇੱਕ ਵਿਲੱਖਣ ਬੈਂਕ ਸਾਂਝੇਦਾਰੀ ਅਧਾਰਤ ਵੈਲਥ ਪ੍ਰਬੰਧਨ ਮਾਡਲ ਦੀ ਅਗਵਾਈ ਕੀਤੀ ਹੈ, ਜੋ ਕਿ ਟੀਅਰ 2 ਅਤੇ ਟੀਅਰ 3 ਸ਼ਹਿਰਾਂ ਦੇ ਗਾਹਕਾਂ ਨੂੰ ਉੱਚ ਗੁਣਵੱਤਾ ਵਾਲੀਆਂ ਸੇਵਾਵਾਂ ਦੀ ਪਹੁੰਚ ਪ੍ਰਦਾਨ ਕਰੇਗਾ । ਨੇੜਲੇ ਭਵਿੱਖ ਵਿੱਚ ਫਿਸਡਮ ਪ੍ਰਾਈਵੇਟ ਵੈਲਥ ਦੇ ਜ਼ਰੀਏ ਫਿਸਡਮ ਸਹਿਭਾਗੀ ਬੈਂਕਾਂ ਦੇ ਐਚਐਨਆਈ ਗਾਹਕਾਂ ਨੂੰ ਵੀ ਆਪਣੀਆਂ ਸੇਵਾਵਾਂ ਪ੍ਰਦਾਨ ਕਰੇਗਾ।

ਫਿਸਡਮ ਪ੍ਰਾਈਵੇਟ ਵੈਲਥ ਨੇ ਮੁੰਬਈ, ਦਿੱਲੀ ਐਨਸੀਆਰ, ਲਖਨਊ , ਚੰਡੀਗੜ ਕੋਲਕਾਤਾ, ਬੈਂਗਲੂਰੁ , ਸੂਰਤ, ਪੁਣੇ, ਬੜੌਦਾ ਅਤੇ ਭੋਪਾਲ ਸਮੇਤ ਭਾਰਤ ਦੇ 10 ਸਥਾਨਾਂ 'ਤੇ 50 ਲੋਕਾਂ ਦੇ ਨਾਲ ਆਪਣਾ ਕਾਰੋਬਾਰ ਸੁਰੂ ਕੀਤਾ ਹੈ, ਜਿਸਦਾ ਉਦੇਸ ਦੇਸ ਭਰ ਵਿਚ ਅਤੇ ਇਥੋਂ ਤੱਕ ਕਿ ਵਿਦੇਸ਼ਾਂ ਵਿਚ ਵੀ ਐਚਐਨਆਈਜ ਦੀ ਸੇਵਾ ਲਈ ਆਪਣੀ ਪਹੁੰਚ ਨੂੰ ਵਿਆਪਕ ਕਰਨਾ ਹੈ । ਇਹ ਨਵਾਂ ਉੱਦਮ ਟੈਕਨਾਲੋਜੀ ਰਾਹੀਂ ਵੈਲਥ ਪ੍ਰਬੰਧਨ ਦੀਆਂ ਪੇਸਕਸਾਂ ਨੂੰ ਇੱਕ ਨਵਾਂ ਆਯਾਮ ਪ੍ਰਦਾਨ ਕਰਨ ਦੀ ਯੋਜਨਾ ਬਣਾ ਰਿਹਾ ਹੈ, ਅਤੇ ਐਚਐਨਆਈਜ ਨੂੰ ਆਪਣੀ ਨਿਵੇਸ ਯਾਤਰਾ ਵਿੱਚ ਉੱਤਮ ਫੈਸਲੇ ਲੈਣ ਦੇ ਸਮਰੱਥ ਬਣਾਏਗਾ । ਫਿਸਡਮ ਪ੍ਰਾਈਵੇਟ ਵੈਲਥ ਦਾ ਇੱਕ ਸਮਰਪਿਤ ਐਪਲੀਕੇਸਨ (ਐਪ) ਵੀ ਹੈ ਜੋ ਉਪਭੋਗਤਾ ਦੇ ਅਨੁਕੂਲ ਇੰਟਰਫੇਸ ਦੇ ਨਾਲ ਤੇਜ ਅਤੇ ਸੁਰੱਖਿਅਤ ਟ੍ਰਾਂਜੈਕਸਨਾਂ ਦੀ ਸੁਵਿਧਾ ਪ੍ਰਦਾਨ ਕਰਦਾ ਹੈ। ਐਪ ਤੋਂ ਇਲਾਵਾ, ਗਾਹਕਾਂ ਕੋਲ ਵਿਅਕਤੀਗਤ ਤੌਰ 'ਤੇ ਸਲਾਹ ਮਸਵਰਾ ਕਰਨ ਦਾ ਵਿਕਲਪ ਵੀ ਹੁੰਦਾ ਹੈ -ਇਸ ਤਰ੍ਹਾਂ ਡਿਜੀਟਲ ਅਤੇ ਭੌਤਿਕ ਸਮਾਧਾਨਾਂ ਦਾ ਮਿਸਰਣ ਪੇਸ ਕੀਤਾ ਗਿਆ ਹੈ ਅਤੇ ਇਸਨੂੰ ਐਚਐਨਆਈਜ ਲਈ "ਫਿਜੀਟਲ" ਸੰਪਤੀ ਪ੍ਰਬੰਧਨ ਕਾਰੋਬਾਰ ਦਾ ਪ੍ਰਸਤਾਵ ਬਣਿਆ ਗਿਆ ਹੈ।

ਫਿਸਡਮ ਦੇ ਸਹਿ-ਸੰਸਥਾਪਕ ਅਤੇ ਸੀਈਓ ਸੁਬਰਮਣਿਆ ਐਸਵੀ ਨੇ ਕਿਹਾ, "ਅਸੀਂ ਨਿਜੀ ਦੌਲਤ ਦੇ ਖੇਤਰ ਵਿੱਚ ਉੱਦਮ ਕਰਕੇ ਖੁਸ ਹਾਂ ਅਤੇ ਅਭਿਜੀਤ ਦਾ ਸਵਾਗਤ ਕਰਦੇ ਹਾਂ , ਕਿ ਉਹ ਆਪਣੀ ਸਿੱਧ ਮਹਾਰਤ ਅਤੇ ਤਜਰਬੇ ਦੇ ਨਾਲ ਇਸ ਕਾਰੋਬਾਰ ਦੀ ਅਗਵਾਈ ਕਰਨ । ਸਾਡੀਆਂ ਪ੍ਰਮੁੱਖ ਰਣਨੀਤਕ ਪਹਿਲਕਦਮੀਆਂ ਵਿੱਚੋਂ ਇੱਕ , ਫਿਸਡਮ ਪ੍ਰਾਈਵੇਟ ਵੈਲਥ ਵਿਖੇ ਸਾਡਾ ਉਦੇਸ ਐਚਐਨਆਈਜ ਦੀ ਵੈਲਥ ਪ੍ਰਬੰਧਨ ਯਾਤਰਾ ਵਿਚ ਬਿਹਤਰ ਅਨੁਭਵ ਪ੍ਰਦਾਨ ਕਰਨਾ ਹੈ । ਸਾਡੇ ਮਜਬੂਤ ਅਤੇ ਸੁਰੱਖਿਅਤ ਤਕਨਾਲੋਜੀ ਅਧਾਰਤ ਬੁਨਿਆਦੀ ਢਾਂਚੇ ਦੇ ਜਰੀਏ, ਅਸੀਂ ਵਿਆਪਕ ਖੋਜ ਅਤੇ ਸਮਰੱਥਾਵਾਂ ਦੁਆਰਾ ਸਮਰਥਤ ਸ਼੍ਰੇਣੀ ਲਈ ਸਰਬੋਤਮ ਵੈਲਥ ਪ੍ਰਬੰਧਨ ਹੱਲ ਪ੍ਰਦਾਨ ਕਰਨ ਦੀ ਕੋਸਸਿ ਕਰਦੇ ਹਾਂ । ਅਭਿਜੀਤ ਨੂੰ ਵੱਖ -ਵੱਖ ਭੂਗੋਲਿਕ ਖੇਤਰਾਂ ਵਿੱਚ ਵਿੱਤੀ ਸੇਵਾਵਾਂ ਦੇ ਕਈ ਪਹਿਲੂਆਂ ਵਿੱਚ ਵਿਆਪਕ ਅਨੁਭਵ ਹੈ , ਸਾਨੂੰ ਵਿਸਵਾਸ ਹੈ ਕਿ ਉਹ ਪ੍ਰਭਾਵਸਾਲੀ ਕਾਰੋਬਾਰ ਬਣਾਉਣ ਵਿੱਚ ਸਾਡੀ ਸਹਾਇਤਾ ਕਰਨਗੇ , ਅਤੇ ਸਾਡੇ ਐਚਐਨਆਈ ਗਾਹਕਾਂ ਨੂੰ ਉਨ੍ਹਾਂ ਦੇ ਨਿਵੇਸ ਦੇ ਟੀਚਿਆਂ ਨੂੰ ਪ੍ਰਾਪਤ ਕਰਨ ਵਿੱਚ ਸਹਾਇਤਾ ਕਰਨਗੇ । " ਫਿਸਡਮ ਪ੍ਰਾਈਵੇਟ ਵੈਲਥ ਦੇ ਸੀਈਓ ਅਭਿਜੀਤ ਭਾਵੇ ਨੇ ਕਿਹਾ, "ਮੈਂ ਫਿਸਡਮ ਵਰਗੇ ਡਾਇਨਮਿਕ ਬ੍ਰਾਂਡ ਦੇ ਨਾਲ ਇੱਕ ਨਵੀਂ ਯਾਤਰਾ ਦੀ ਸੁਰੂਆਤ ਕਰਨ ਲਈ ਉਤਸਾਹਿਤ ਹਾਂ । ਭਾਰਤ ਪ੍ਰਾਈਵੇਟ ਵੈਲਥ ਦੇ ਖੇਤਰ ਵਿਚ ਮੁਕਾਬਲਤਨ ਘੱਟ ਮਜਬੂਤ ਬਾਜਾਰ ਹੈ, ਖਾਸ ਕਰਕੇ ਟੀਅਰ 2 ਅਤੇ 3 ਸਹਿਰਾਂ ਵਿੱਚ । ਇਸ ਨਾਲ ਸਾਨੂੰ ਸਾਡੇ ਤਕਨਾਲੋਜੀ ਅਧਾਰਤ ਉਤਪਾਦਾਂ ਅਤੇ ਸੇਵਾਵਾਂ ਦੀ ਪਹੁੰਚ ਨੂੰ ਵਧਾਉਣ ਦਾ ਮੌਕਾ ਮਿਲੇਗਾ , ਜਿਸ ਨਾਲ ਫਿਸਡਮ ਪ੍ਰਾਈਵੇਟ ਵੈਲਥ ਨੂੰ ਨਾ ਸਿਰਫ ਘਰੇਲੂ ਬਾਜਾਰਾਂ ਵਿੱਚ, ਬਲਕਿ ਅੰਤਰਰਾਸਟਰੀ ਪੱਧਰ 'ਤੇ ਵੀ ਭਾਰਤੀ ਅਮੀਰ ਵਰਗ ਲਈ ਪਹੁੰਚਯੋਗ ਬਣਾਇਆ ਜਾ ਸਕੇਗਾ ।"

# ਕੇਂਦਰ ਵਲੋਂ ਕਣਕ , ਜੌਂ, ਛੋਲਿਆਂ, ਸਰੋਂ ਅਤੇ ਹੋਰ ਫਸਲਾਂ ਦੀ ਐੱਮ.ਐੱਸ.ਪੀ ਵਿਚ ਕੀਤਾ ਵਾਧਾ ਕਿਸਾਨਾਂ ਨੂੰ ਨਹੀਂ ਮੰਨਜੂਰ : ਰਾਮਕਰਨ ਰਾਮਾਂ

## ਕਿਸਾਨਾਂ ਨੂੰ ਫਸਲਾਂ ਦੇ ਭਾਅ ਡਾਕਟਰ ਸੁਆਮੀਨਾਥਨ ਦੀ (ਸੀ.ਟੂ) ਰਿਪੋਰਟ ਮੁਤਾਬਕ ਮਿਲਣ

**ਬਠਿੰਡਾ/ਅਨਿਲ ਜੈਨ**

ਕੇਂਦਰ ਸਰਕਾਰ ਨੇ ਸਾਲ 2022-23 ਤੱਕ ਕਣਕ ਦੇ ਭਾਅ 'ਚ 40 ਰੁਪਏ ਪ੍ਰਤੀ ਕੁਇੰਟਲ, ਜੌਂ, ਸਰੋਂ, ਛੋਲਿਆਂ ਆਦਿ ਹੋਰ ਫਸਲਾਂ ਦੀ ਐੱਮ.ਐੱਸ.ਪੀ ਵਿਚ ਮਾਮੂਲੀ ਸਿਆਸਤ ਵਾਲਾ ਵਾਧਾ ਕਰਕੇ ਕਿਸਾਨਾਂ ਨਾਲ ਕੋਝਾ ਮਜ਼ਾਕ ਕੀਤਾ ਹੈ, ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਟਿਕੈਤ ਅਤੇ ਦੇਸ ਦਾ ਸਮੁੱਚਾ ਕਿਸਾਨ ਇਸ ਵਾਧੇ ਦੀ ਸਖਤ ਕਰੜੀ ਨਿੰਦਿਆ ਕਰਦਿਆਂ ਇਸ ਨੂੰ ਮੁੱਢੋਂ ਰੱਦ ਕਰਦਾ ਹੈ। ਹੁਣ ਦੇਸ ਦੇ ਕਿਸਾਨਾਂ ਨੂੰ ਉਨ੍ਹਾਂ ਦੀਆਂ ਫਸਲਾਂ ਦੇ ਭਾਅ ਸਿਆਸੀ ਨਹੀਂ, ਸਗੋਂ ਡਾਕਟਰ ਸਵਾਮੀਨਾਥਨ ਦੀ ਸੀਟੂ ਰਿਪੋਰਟ ਮੁਤਾਬਕ ਚਾਹੀਦਾ ਨੇ, ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਟਿਕੈਤ ਦੇ ਸੂਬਾ ਮੁੱਖ ਸਕੱਤਰ ਜਰਨਲ ਰਾਮਕਰਨ ਸਿੰਘ ਰਾਮਾਂ ਨੇ ਅੱਜ ਗੱਲਬਾਤ ਦੌਰਾਨ ਕੀਤਾ। ਰਾਮਕਰਨ ਰਾਮਾਂ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਹੁਣ ਤੱਕ ਕਿਸਾਨਾਂ ਨੂੰ ਉਨ੍ਹਾਂ ਦੀਆਂ ਫਸਲਾਂ ਦਾ ਭਾਅ ਲਾਗਤ ਖਰਚਿਆਂ ਮੁਤਾਬੁਕ ਨਹੀ ਦਿੱਤਾ, ਸਗੋਂ ਹਰ ਸਾਲ ਸਿਰਫ ਸਿਆਸੀ ਭਾਅ ਦੇ ਕੇ ਕਿਸਾਨਾਂ ਨੂੰ ਕਰਜ਼ੇ ਵੱਲ ਧੱਕ ਕੇ ਕੰਮਜੋਰ ਕਰ ਦਿੱਤਾ ਹੈ, ਉਨ੍ਹਾਂ ਕਿਹਾ ਕਿ ਖਾਦਾਂ, ਬੀਜ਼ਾਂ, ਮਜ਼ਦੂਰੀ, ਕੀਟਨਾਸ਼ਕ ਦਵਾਈਆਂ, ਡੀਜ਼ਲ ਆਦਿ ਦੀਆਂ ਕੀਮਤਾਂ ਆਏ ਦਿਨ ਵਧ ਰਹੀਆਂ ਹਨ, ਜਿਸ ਨਾਲ ਕਿਸਾਨਾਂ ਨੂੰ ਫਸਲਾਂ 'ਤੇ ਹਰ ਸਾਲ ਜਿਆਦਾ ਪੈਸੇ ਖਰਚਨੇ ਪੈਂਦੇ ਹਨ, ਪਰ ਕੇਂਦਰ ਸਰਕਾਰ ਹਰ ਵਾਰ ਫਸਲਾਂ ਦੇ ਨਿਗੂਣੇ ਭਾਅ ਤੈਅ ਕਰ ਦਿੰਦੀ ਹੈ, ਜਿਸ ਨਾਲ ਕਿਸਾਨਾਂ 'ਤੇ ਭਾਰੀ ਆਰਥਿਕ ਬੋਝ ਵੱਧ ਰਿਹਾ ਹੈ ਅਤੇ ਕਿਸਾਨ ਦਿਨੋਂ ਦਿਨ ਕਰਜ਼ਾਈ ਹੁੰਦਾ ਜਾ ਰਿਹਾ ਹੈ ਤੇ ਖੁਦਕੁਸ਼ੀਆਂ ਕਰ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਦੇਸ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੇਸ ਦੇ ਕਿਸਾਨਾਂ ਨਾਲ ਸਾਲ 2019 ਵਿੱਚ ਵਾਅਦਾ ਕੀਤਾ ਸੀ ਕਿ ਸਾਲ 2022 ਵਿੱਚ ਕਿਸਾਨਾਂ ਦੀ ਆਮਦਨੀ ਦੁੱਗਣੀ ਕੀਤੀ ਜਾਵੇਗੀ। ਸਾਲ 2019 ਵਿੱਚ ਕਣਕ ਦਾ ਭਾਅ 1840 ਰੁਪਏ ਸੀ। ਸਾਲ 2022 ਵਿੱਚ ਕਣਕ ਦਾ ਭਾਅ 3680 ਰੁਪਏ ਬਣਦਾ ਹੈ। ਜੇਕਰ ਕੇਂਦਰ ਸਰਕਾਰ 3680 ਰੁਪਏ ਭਾਅ ਤੈਅ ਕਰਦੀ ਹੈ ਤਾਂ ਫਿਰ ਜਾ ਕੇ ਕਿਸਾਨਾਂ ਦੀ 2022 ਵਿਚ ਆਮਦਨ ਦੁੱਗਣੀ ਬਣਦੀ ਹੈ, ਉਨ੍ਹਾਂ ਕਿਹਾ ਕਿ ਜਿਨ੍ਹਾਂ ਚਿਰ ਕੇਂਦਰ ਸਰਕਾਰ ਕਿਸਾਨਾਂ ਦੀਆਂ ਫਸਲਾਂ ਦੇ ਭਾਅ ਡਾਕਟਰ ਸੁਆਮੀਨਾਥਨ ਦੀ ਸੀ-2 ਰਿਪੋਰਟ ਮੁਤਾਬਕ 50 ਫੀਸਦੀ ਮੁਆਫੇ ਅਨੁਸਾਰ ਤੈਅ ਨਹੀ ਕਰਦੀ ਅਤੇ ਐੱਮ.ਐੱਸ.ਪੀ ਤੇ ਖਰੀਦ ਕਰਨ ਦਾ ਕਾਨੂੰਨ ਨਹੀਂ ਬਣਾਉਂਦੀ ਉਨ੍ਹਾਂ ਚਿਰ ਕਿਸਾਨਾਂ ਦਾ ਕੇਂਦਰ ਸਰਕਾਰ ਖਿਲਾਫ ਸੰਘਰਸ਼ ਜਾਰੀ ਰਹੇਗਾ।



ਅਦਾਰਾ 'ਲੋਕ ਬਾਣੀ' ਵਿੱਚ ਛਾਪੀਆਂ ਜਾਂਦੀਆਂ ਖ਼ਬਰਾਂ, ਰਿਪੋਰਟਾਂ, ਲੇਖ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰਾਂ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਅਖ਼ਬਾਰ ਵਿੱਚ ਛਪੇ ਇਸ਼ਤਿਹਾਰ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜ਼ਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁੱਭ ਚਿੰਤਕਾਂ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੜਤਾਲ/ਪੁਸ਼ਟੀ ਕਰ ਲੈਣ। -ਸੰਪਾਦਕ

Daily Lok Bani (Punjabi) R.N.I. Punpun 29016/2008 Edior, Owner, Printer, Publisher, Amandeep Mehra Printed at Rachna Printers, Railway Road Jalandhar Place of Publication : 308 Sangam complex Milap Chowk, Jalandhar (India) / Contect No. : 0181-2211009, Fax : 2211009 / Email Id : lokbani08@gmail.com / Webside : lokbani.com

# ਥਾਣੇਦਾਰ ਸਣੇ 3 ਪੁਲਿਸ ਮੁਲਾਜ਼ਮਾਂ ਤੇ ਹਮਲਾ, ਵਰਦੀ ਵੀ ਪਾੜੀ

■ ਲੜਨੋਂ ਰੋਕਿਆ ਤਾਂ ਥਾਣੇਦਾਰ ਅਤੇ ਸਿਪਾਹੀਆਂ ਨੂੰ ਵੀ ਕੁੱਟਿਆ



**ਬਰਨਾਲਾ/ਰਮਨਦੀਪ ਧਾਲੀਵਾਲ**

ਪੁਲਿਸ ਜਿਲ੍ਹਾ ਬਰਨਾਲਾ ਦੇ ਥਾਣਾ ਸ਼ਹਿਣਾ ਦਾ ਇੱਕ ਥਾਣੇਦਾਰ ਜਦੋਂ 2 ਸਿਪਾਹੀਆਂ ਸਣੇ ਇੱਕ ਦੁਰਖਾਸਤ ਦੇ ਸਬੰਧ ਵਿੱਚ ਕਥਿਤ ਦੋਸ਼ੀ ਧਿਰ ਕੋਲ ਪਹੁੰਚਿਆਂ ਤਾਂ ਉਸ ਨੇ ਉਨਾਂ ਨੂੰ ਲੜਾਈ ਨਾ ਕਰਨ ਲਈ ਵਰਜਿਆ । ਪਰੰਤੂ ਅੱਗੋਂ ਦੋਸ਼ੀ ਧਿਰ ਨੇ ਥਾਣੇਦਾਰ ਸਣੇ ਪੁਲਿਸ ਮੁਲਾਜ਼ਮਾਂ ਤੇ ਹੀ ਜਾਨਲੇਵਾ ਹਮਲਾ ਕਰ ਦਿੱਤਾ ।ਪੁਲਿਸ ਮੁਲਾਜ਼ਮਾਂ ਨੇ ਉੱਥੋਂ ਭੱਜ ਕੇ ਆਪਣਾ ਬਚਾਅ ਕੀਤਾ। ਸਾਰੇ ਦੋਸ਼ੀ ਵਿਅਕਤੀ ਵੀ ਜਾਨ ਤੋਂ ਮਾਰ ਦੇਣ ਦੀਆਂ ਧਮਕੀਆਂ ਦਿੰਦੇ ਹੋਏ ਫਰਾਰ ਹੋ ਗਏ । ਪੁਲਿਸ ਨੇ ਥਾਣੇਦਾਰ ਦੇ ਬਿਆਨ ਪਰ 6 ਦੋਸ਼ੀਆਂ ਵਿਰੁੱਧ ਇਰਾਦਾ ਕਤਲ ਦਾ ਕੇਸ ਦਰਜ਼ ਕਰਕੇ, ਉਨਾਂ ਦੀ ਤਲਾਸ਼ ਸ਼ੁਰੂ ਕਰ ਦਿੱਤੀ ਪੁਲਿਸ ਨੂੰ ਏ.ਐਸ.ਆਈ. ਜਗਦੇਵ ਸਿੰਘ ਨੇ ਬਿਆਨ ਤਹਿਰੀਰ ਕਰਵਾਇਆ ਕਿ ਉਹ ਸਮੇਤ ਸੀਨੀਅਰ ਸਿਪਾਹੀ ਅਮਨਦੀਪ ਸਿੰਘ ਪੇਟੀ ਨੰਬਰ 249 /ਬਰਨਾਲਾ ਅਤੇ ਸੀ-2 ਕਮਲਜੀਤ ਸਿੰਘ ਪੇਟੀ ਨੰਬਰ 547/ ਬਰਨਾਲਾ ਦੇ ਦਰਖਾਸਤ ਸਬੰਧੀ ਪਿੰਡ ਸਹਿਣਾ ਗਿਆ ਸੀ । ਉਹ, ਗੁਰਪਾਲ ਸਿੰਘ ਉਰਫ ਪਾਲਾ, ਗੁਰਦੀਪ ਸਿੰਘ, ਹਰਪ੍ਰੀਤ ਸਿੰਘ, ਕੁਲਦੀਪ ਸਿੰਘ ਅਤੇ ਮੌਕੇ ਤੇ ਮੌਜੂਦ 2 ਹੋਰ ਨਾਮਾਲੂਮ ਵਿਅਕਤੀਆ ਨੂੰ ਸਮਝਾਉਣ ਲੱਗਾ ਕਿ ਤੁਸੀ ਦੂਸਰੀ ਪਾਰਟੀ ਨਾਲ ਨਹੀ ਲੜਨਾ ਤਾਂ ਇੰਨੇ ਵਿੱਚ ਹੀ ਉਕਤ ਵਿਅਕਤੀਆ ਨੇ ਜਾਨ ਤੋਂ ਮਾਰ ਦੇਣ ਦੀ ਨੀਅਤ ਨਾਲ ਸਾਡੇ ਸਾਰਿਆ ਪਰ ਹਮਲਾ ਕਰ ਦਿੱਤਾ ਅਤੇ ਬੇਰਹਿਮੀ ਨਾਲ ਬਹੁਤ ਕੁੱਟਮਾਰ ਵੀ ਕੀਤੀ। ਕੁੱਟਮਾਰ ਕਾਰਣ, ਪੁਲਿਸ ਪਾਰਟੀ ਦੇ ਬਹੁਤ ਸੱਟਾਂ ਵੀ ਲੱਗੀਆਂ ।ਥਾਣੇਦਾਰ ਜਗਦੇਵ ਸਿੰਘ ਨੇ ਕਿਹਾ ਕਿ ਨਾਮਜ਼ਦ ਦੋਸ਼ੀਆਂ ਨੇ ਉਸ ਦੀ ਵਰਦੀ ਦੀ ਸੱਜੀ ਜੇਬ ਵੀ ਪਾੜ ਦਿੱਤੀ। ਏ.ਐਸ.ਆਈ. ਜਗਦੇਵ ਸਿੰਘ ਨੇ ਕਿਹਾ ਕਿ ਉਹ ਸਰਕਾਰੀ ਡਿਊਟੀ ਪਰ ਸੀ, ਦੋਸ਼ੀਆਂ ਨੇ ਕੁੱਟਮਾਰ ਕਰਕੇ, ਉਨਾਂ ਦੀ ਸਰਕਾਰੀ ਡਿਊਟੀ ਵਿੱਚ ਵੀ ਅੜਿੱਕਾ ਪਾਇਆ। ਥਾਣਾ ਸ਼ਹਿਣਾ ਦੇ ਐਸ.ਐਚ.ਉ. ਨਰਦੇਵ ਸਿੰਘ ਨੇ ਪੁੱਛਣ ਤੇ ਦੱਸਿਆ ਕਿ ਏ.ਐਸ.ਆਈ ਜਗਦੇਵ ਸਿੰਘ ਦੇ ਬਿਆਨ ਦੇ ਅਧਾਰ ਪਰ ਗੁਰਪਾਲ ਸਿੰਘ ਉਰਫ ਪਾਲਾ, ਗੁਰਦੀਪ ਸਿੰਘ, ਹਰਪ੍ਰੀਤ ਸਿੰਘ, ਕੁਲਦੀਪ ਸਿੰਘ ਅਤੇ 2 ਹੋਰ ਨਾਮਾਲੂਮ ਦੋਸ਼ੀਆਂ ਖਿਲਾਫ ਅਧੀਨ ਜੁਰਮ 307,353,186,332,506,148,149 ਆਈ.ਪੀ.ਸੀ. ਤਹਿਤ ਥਾਣਾ ਸ਼ਹਿਣਾ ਵਿਖੇ ਕੇਸ ਦਰਜ਼ ਕਰਕੇ, ਮਾਮਲੇ ਦੀ ਤਫਤੀਸ਼ ਏ.ਐਸ.ਆਈ ਮੱਖਣ ਸ਼ਾਹ ਨੂੰ ਸੌਂਪ ਦਿੱਤੀ ਹੈ ।ਐਸਐਚਉ ਨਰਦੇਵ ਸਿੰਘ ਨੇ ਕਿਹਾ ਕਿ ਦੋਸ਼ੀਆਂ ਨੂੰ ਜਲਦ ਹੀ ਗਿਰਫਤਾਰ ਕਰ ਲਿਆ ਜਾਵੇਗਾ।

# ਪ੍ਰੈੱਸ ਕਲੱਬ ਮਹਿਲ ਕਲਾਂ ਨੇ ਪੱਤਰਕਾਰ ਕਾਲਾਬੂਲਾ ਨੂੰ ਇਲਾਜ ਲਈ 10 ਹਜਾਰ ਰੁਪਏ ਦੀ ਆਰਥਿਕ ਮਦਦ





**ਬਰਨਾਲਾ/ਰਮਨਦੀਪ ਧਾਲੀਵਾਲ**

ਉੱਘੇ ਪੱਤਰਕਾਰ , ਸਾਹਿਤਕਾਰ ਰਜਿੰਦਰਜੀਤ ਸਿੰਘ ਕਾਲਾਬੂਲਾ ਜੋ ਕਿ ਪਿਛਲੇ ਸਮੇਂ ਤੋਂ ਗੁਰਦਿਆ ਦੀ ਨਾਮੁਰਾਦ ਬਿਮਾਰੀ ਤੋਂ ਪੀੜਤ ਹੋਣ ਕਰਕੇ ਜੇਰੇ ਇਲਾਜ ਹਨ, ਦੇ ਇਲਾਜ ਲਈ ਪ੍ਰੈੱਸ ਕਲੱਬ ਰਜਿ: ਮਹਿਲ ਕਲਾਂ ਵਲੋਂ 10 ਹਜਾਰ ਰੁਪਏ ਦੀ ਸਹਾਇਤਾ ਰਾਸ਼ੀ ਕਲੱਬ ਦੇ ਚੇਅਰਮੈਨ ਅਵਤਾਰ ਸਿੰਘ ਅਣਖੀ, ਪ੍ਰਧਾਨ ਬਲਵਿੰਦਰ ਸਿੰਘ ਵਜੀਦਕੇ , ਜਨਰਲ ਸਕੱਤਰ ਬਲਜਿੰਦਰ ਸਿੰਘ ਢਿੱਲੋਂ, ਮੇਘ ਰਾਜ ਜੋਸੀ, ਸੀਨੀਅਰ ਮੀਤ ਪ੍ਰਧਾਨ ਰਮਨਦੀਪ ਧਾਲੀਵਾਲ ਬਲਵੰਤ ਸਿੰਘ ਚੁਹਾਣਕੇ, ਪ੍ਰਦੀਪ ਸਿੰਘ ਲੋਹਗੜ੍ਹ ਨੇ ਉਨ੍ਹਾਂ ਦੇ ਘਰ ਜਾਕੇ ਕਾਲਾਬੂਲਾ ਨੂੰ ਸੌਂਪੀ ।ਪ੍ਰੈਸ ਕਲੱਬ ਮਹਿਲ ਕਲਾਂ ਦੇ ਆਗੂਆਂ ਨੇ ਕਿਹਾ ਕਿ ਪੱਤਰਕਾਰ ਕਾਲਾਬੂਲਾ ਨੇ ਪੱਤਰਕਾਰੀ ਦੇ ਖੇਤਰ ‘ਚ ਸਾਢੇ ਤਿੰਨ ਦਹਾਕੇ ਦਾ ਲੰਮਾ ਸਮਾਂ ਨਿਸ਼ਕਾਮ, ਸ਼ਾਨਦਾਰ ਸੇਵਾਵਾਂ ਨਿਭਾਕੇ ਨਾਮਣਾ ਖੱਟਿਆ ਪਰ ਅਫਸੋਸ ਦੀ ਗੱਲ ਇਹ ਹੈ ਕਿ ਅੱਜ ਬਿਪਤਾ ਦੀ ਘੜੀ ‘ਚ ਉਹ ਆਪਣਾ ਇਲਾਜ ਕਰਵਾਉਣ ਤੋਂ ਵੀ ਅਸਮਰੱਥ ਹੈ । ਉਨ੍ਹਾਂ ਪੰਜਾਬ ਸਰਕਾਰ, ਪ੍ਰਵਾਸੀ ਭਾਰਤੀਆਂ, ਦਾਨੀ ਸੱਜਣਾਂ ਨੂੰ ਪੱਤਰਕਾਰ ਕਾਲਾਬੂਲਾ ਦੇ ਇਲਾਜ ਲਈ ਅੱਗੇ ਆਉਣ ਦੀ ਅਪੀਲ ਕੀਤੀ। ਇਸ ਮੌਕੇ ਸਰਪ੍ਰਸਤ ਪ੍ਰੀਤਮ ਸਿੰਘ ਦਰਦੀ, ਰਮਨਦੀਪ ਸਿੰਘ ਠੁੱਲੀਵਾਲ, ਪ੍ਰਦੀਪ ਸਿੰਘ ਕਰਮਗੜ੍ਹ, ਜਗਸੀਰ ਸਿੰਘ ਧਾਲੀਵਾਲ, ਗੁਰਪ੍ਰੀਤ ਸਿੰਘ ਅਣਖੀ ਜਗਰਾਜ ਸਿੰਘ ਮੂੰਮ, ਸੁਖਵੀਰ ਸਿੰਘ ਜਗਦੇ ਆਦਿ ਹਾਜਰ ਸਨ।

## ਸ਼ਹਿਰੀ ਖੇਤਰ ਵਿੱਚ ਸਵੇਰੇ 8 ਵਜੇ ਤੋਂ ਸ਼ਾਮ 8 ਵਜੇ ਤੱਕ ਭਾਰੀ ਵਾਹਨਾਂ ਦੇ ਆਉਣ ‘ਤੇ ਪਾਬੰਦੀ

**ਪਟਿਆਲਾ/ਸਰਦਾਰਾ ਸਿੰਘ ਲਾਛੜੂ**

ਜ਼ਿਲ੍ਹਾ ਮੈਜਿਸਟਰੇਟ ਪਟਿਆਲਾ ਸ਼੍ਰੀ ਕੁਮਾਰ ਅਮਿਤ ਨੇ ਫੌਜਦਾਰੀ ਜਾਬਤਾ ਸੰਘਤਾ 1973 (1974 ਦਾ ਐਕਟ ਨੰ: 2) ਦੀ ਧਾਰਾ 144 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਰਾਜਪੁਰਾ ਚੁੰਗੀ ਤੋਂ ਬੱਸ ਸਟੈਂਡ ਦੇ ਅੰਦਰ ਦਾ ਏਰੀਆ, ਬੱਸ ਸਟੈਂਡ ਤੋਂ ਫੁਆਰਾ ਚੌਂਕ (ਦੀ ਮਾਲ ਰੋਡ), ਫੁਆਰਾ ਚੌਂਕ ਲੋਅਰ ਮਾਲ ਤੋਂ ਮਹਿੰਦਰਾ ਕਾਲਜ ਅਤੇ ਮਹਿੰਦਰਾ ਕਾਲਜ ਤੋਂ ਸਨੌਰੀ ਅੱਡੇ ਦੇ ਅੰਦਰ ਸਵੇਰੇ 8 ਵਜੇ ਤੋਂ ਸ਼ਾਮ 8 ਵਜੇ ਤੱਕ ਭਾਰੀ ਵਾਹਨਾਂ ਦੇ ਅੰਦਰ ਆਉਣ ‘ਤੇ ਪਾਬੰਦੀ ਲਗਾਈ ਹੈ। ਇਹ ਹੁਕਮ 2 ਨਵੰਬਰ 2021 ਤੱਕ ਲਾਗੂ ਰਹਿਣਗੇ।

ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਜ਼ਿਲ੍ਹਾ ਪਟਿਆਲਾ ਦੇ ਸ਼ਹਿਰੀ ਖੇਤਰ ਅੰਦਰ ਭਾਰੀ ਵਾਹਨਾਂ ਦੀ ਆਵਾਜਾਈ ਬਹੁਤ ਜ਼ਿਆਦਾ ਵੱਧ ਗਈ ਹੈ, ਇਨ੍ਹਾਂ ਵਾਹਨਾਂ ਦੀ ਦਿਨ ਦੇ ਸਮੇਂ ਸ਼ਹਿਰ ਵਿੱਚ ਆਮਦ ਨਾਲ ਆਮ ਟ੍ਰੈਫਿਕ ਦੀ ਆਵਾਜਾਈ ਵਿੱਚ ਕਾਫ਼ੀ ਵਿਘਨ ਪੈ ਰਿਹਾ ਹੈ, ਜਿਸ ਨਾਲ ਲੰਮੇ ਸਮੇਂ ਜਾਮ ਲੱਗ ਜਾਂਦੇ ਹਨ। ਇਨ੍ਹਾਂ ਟ੍ਰੈਫਿਕ ਜਾਮਾਂ ਕਾਰਨ ਜਿੱਥੇ ਆਮ ਜਨਤਾ ਦੇ ਕੰਮਕਾਰ ਪ੍ਰਭਾਵਿਤ ਹੁੰਦੇ ਹਨ, ਉੱਥੇ ਨਾਲ ਹੀ ਬਿਮਾਰ/ਬਜ਼ੁਰਗ/ਮਰੀਜ਼/ਐਂਬੂਲੈਂਸਾਂ/ਸਕੂਲੀ ਬੱਚਿਆਂ ਦੇ ਇੱਕ ਥਾਂ ਤੋਂ ਦੂਜੀ ਥਾਂ ਸਮੇਂ ਸਿਰ ਪੁੱਜਣ ਵਿੱਚ ਵੀ ਵਿਘਨ ਪੈਂਦਾ ਹੈ। ਅਜਿਹੇ ਹਾਲਤਾਂ ਨਾਲ ਅਮਨ ਕਾਨੂੰਨ ਦੀ ਸਥਿਤੀ ਦੇ ਖਰਾਬ ਹੋਣ ਦਾ ਖਦਸ਼ਾ ਬਣਿਆ ਰਹਿੰਦਾ ਹੈ।

# ਰਾਜ ਕੁਮਾਰ ਗੁਪਤਾ ਦਾ ਪਿੰਡ ਕੋਟ ਵਿੱਚ ਪਹੁੰਚਣ ਤੇ ਹੋਇਆ ਸਵਾਗਤ



**ਜੁਗਿਆਲ/ਸੁੱਖਵਿੰਦਰ ਜੰਡੀਰ**

ਧਾਰ ਕਲਾਂ ਦੇ ਪਿੰਡ ਕੋਟ ਵਿੱਚ ਸਰਪੰਚ ਸਿਕੰਦਰ ਸਿੰਘ ਦੀ ਅਗਵਾਈ ਵਿਚ ਇਕ ਪ੍ਰੋਗਰਾਮ ਆਯੋਜਿਤ ਕਰਵਾਇਆ ਗਿਆ ਪ੍ਰੋਗਰਾਮ ਵਿੱਚ ਪਿੰਡ ਵਾਸੀਆਂ ਨੇ ਭਾਰੀ ਸੰਖਿਆ ਚ ਹਿੱਸਾ ਲਿਆ ਪ੍ਰੋਗਰਾਮ ਵਿਚ ਮੁੱਖ ਮਹਿਮਾਨ ਵਜੋਂ ਅਕਾਲੀ ਬਸਪਾ ਦੇ ਸਾਂਝੇ ਉਮੀਦਵਾਰ ਰਾਜ ਕੁਮਾਰ ਗੁਪਤਾ ਮੌਜੂਦ ਹੋਏ ਪ੍ਰੋਗਰਾਮ ਬਾਰੇ ਜਾਣਕਾਰੀ ਦਿੰਦੇ ਹੋਏ ਸਰਪੰਚ ਸਿਕੰਦਰ ਸਿੰਘ ਨੇ ਦੱਸਿਆ ਕਿ ਅੱਜ ਉਨ੍ਹਾਂ ਵੱਲੋਂ ਅਗਾਮੀ ਵਿਧਾਨ ਸਭਾ ਚੋਣਾਂ ਨੂੰ ਦੇਖਦੇ ਹੋਏ ਇੱਕ ਪ੍ਰੋਗਰਾਮ ਆਯੋਜਿਤ ਕਰਵਾਇਆ ਗਿਆ ਹੈ ਉਨ੍ਹਾਂ ਦੱਸਿਆ ਕਿ ਹਲਕਾ ਸੁਜਾਨਪੁਰ ਤੋਂ ਅਕਾਲੀ ਬਸਪਾ ਦੇ ਸਾਂਝੇ ਉਮੀਦਵਾਰ ਰਾਜ ਕੁਮਾਰ ਗੁਪਤਾ ਅੱਜ ਉਨ੍ਹਾਂ ਦੇ ਪਿੰਡ ਵਿਚ ਲੋਕਾਂ ਨਾਲ ਮਿਲਣ ਲਈ ਪ੍ਰੋਗਰਾਮ ਵਿਚ ਆਏ ਹਨ ਇਸ ਮੌਕੇ ਸਭ ਤੋਂ ਪਹਿਲਾਂ ਰਾਜ ਕੁਮਾਰ ਗੁਪਤਾ ਦਾ ਉੱਥੇ ਪਹੁੰਚਣ ਤੇ ਫੁੱਲਾਂ ਦੇ ਹਾਰ ਪਵਾ ਕੇ ਸਵਾਗਤ ਕੀਤਾ ਗਿਆ ਉੱਥੇ ਹੀ ਪ੍ਰੋਗਰਾਮ ਨੂੰ ਸੰਬੋਧਿਤ ਕਰਦੇ ਹੋਏ ਰਾਜ ਕੁਮਾਰ ਗੁਪਤਾ ਨੇ ਕਿਹਾ ਕਿ ਧਾਰ ਬਲਾਕ ਜੋ ਅੱਜ ਵੀ ਕਈ ਸਹੂਲਤਾਂ ਤੋਂ ਵਾਂਝਾ ਹੈ ਉਨ੍ਹਾਂ ਦੱਸਿਆ ਕਿ ਅੱਜ ਵੀ ਧਾਰ ਬਲਾਕ ਦੇ ਲੋਕ ਮੁੱਢਲੀਆਂ ਸਹੂਲਤਾਂ ਲਈ ਤਰਸ ਰਹੇ ਹਨ ਉਨ੍ਹਾਂ ਕਿਹਾ ਕਿ ਜੇਕਰ ਵੀਹ ਸੌ ਬਾਈ ਦੀਆਂ ਚੋਣਾਂ ਵਿੱਚ ਹਲਕਾ ਸੁਜਾਨਪੁਰ ਦੇ ਲੋਕਾਂ ਦੇ ਪਿਆਰ ਸਦਕਾ ਉਨ੍ਹਾਂ ਦੀ ਸਰਕਾਰ ਆਉਂਦੀ ਹੈ ਤਾਂ ਸਭ ਤੋਂ ਪਹਿਲਾਂ ਉਹ ਆਪਣੇ ਹਲਕੇ ਦੇ ਲੋਕਾਂ ਨੂੰ ਆਉਣ ਵਾਲੀਆਂ ਇਨ੍ਹਾਂ ਮੁਸ਼ਕਲਾਂ ਦਾ ਹੱਲ ਕਰਵਾਉਣਗੇ ਇਸ ਮੌਕੇ ਪਿੰਡ ਵਾਸੀਆਂ ਸਮੇਤ ਉਥੇ ਹੋਰ ਲੋਕ ਵੀ ਮੌਜੂਦ ਸਨ।

# ਵਿਕਾਸ ਕਾਰਜਾਂ ਨੂੰ ਦੇਖ ਕਾਂਗਰਸ ਪਾਰਟੀ ’ਚ ਸ਼ਾਮਿਲ ਹੋਣ ਵਾਲਿਆਂ ਦਾ ਸਿਲਸਿਲਾ ਜਾਰੀ : ਅਰੁਨਾ ਚੋਧਰੀ



**ਦੀਨਾਨਗਰ/ਡਾ.ਰਮੇਸ਼ ਸਰੰਗਲ**

ਕੈਬਨਿਟ ਮੰਤਰੀ ਅਰੁਨਾ ਚੌਧਰੀ ਵੱਲੋਂ ਦੀਨਾਨਗਰ ਹਲਕੇ ਅੰਦਰ ਵਿਕਾਸ ਕੰਮਾਂ ’ਚ ਲਿਆਂਦੀ ਗਈ ਤੇਜ਼ੀ ਨੇ ਹਰ ਆਮ ਤੇ ਖ਼ਾਸ ਨੂੰ ਪ੍ਰਭਾਵਿਤ ਕੀਤਾ ਹੈ, ਜਿਸਨੂੰ ਲੈ ਕੇ ਵੱਖ-ਵੱਖ ਪਾਰਟੀਆਂ ਦੇ ਸਮਰਥਕਾਂ ’ਚ ਕਾਂਗਰਸ ਨਾਲ ਜੁੜਣ ਦੀ ਦੌੜ ਲੱਗ ਗਈ ਹੈ। ਇਸੇ ਕੜੀ ਤਹਿਤ ਅਕਾਲੀ ਦਲ ਦੀ ਟਿਕਟ ਤੋਂ ਨਗਰ ਕੌਂਸਲ ਦੀ ਚੋਣ ਲੜਣ ਵਾਲੇ ਵੈਂਕਟੇਸ਼ਵਰ ਵੈਂਕੀ ਸਮੇਤ ਭਾਜਪਾ ਦੇ ਇੱਕ ਦਰਜਨ ਟਕਸਾਲੀ ਪਰਿਵਾਰਾਂ ਅਤੇ ਆਸਪਾਸ ਦੇ ਪਿੰਡਾਂ ਤੋਂ ਵੱਡੀ ਗਿਣਤੀ ਨੌਜਵਾਨਾਂ ਨੇ ਅੱਜ ਕੈਬਨਿਟ ਮੰਤਰੀ ਅਰੁਨਾ ਚੌਧਰੀ ਦੇ ਘਰ ਪਹੁੰਚ ਕੇ ਕਾਂਗਰਸ ਪਾਰਟੀ ਦਾ ਪੱਲਾ ਫੜ ਲਿਆ। ਇਹ ਸਾਰੇ ਪਰਿਵਾਰ ਕਾਂਗਰਸ ’ਚ ਸ਼ਾਮਲ ਹੋਏ। ਜਿਨ੍ਹਾਂ ਦਾ ਪਾਰਟੀ ’ਚ ਸਵਾਗਤ ਕਰਦਿਆਂ ਕੈਬਨਿਟ ਵਜ਼ੀਰ ਅਰੁਨਾ ਚੌਧਰੀ ਅਤੇ ਸੀਨੀਅਰ ਕਾਂਗਰਸ ਨੇਤਾ ਅਸ਼ੋਕ ਚੌਧਰੀ ਨੇ ਕਿਹਾ ਕਿ ਕਾਂਗਰਸ ਵਿੱਚ ਹਰ ਉਸ ਵਿਅਕਤੀ ਦਾ ਸਵਾਗਤ ਹੈ ਜੋ ਦੀਨਾਨਗਰ ਹਲਕੇ ਨੂੰ ਵਿਕਾਸ ਪੱਖੋਂ ਤਰੱਕੀ ਦੀਆਂ ਲੀਹਾਂ ’ਤੇ ਦੇਖਣਾ ਚਾਹੁੰਦਾ ਹੈ। ਉਨ੍ਹਾਂ ਕਿਹਾ ਕਿ ਦੀਨਾਨਗਰ ਸਾਰਿਆਂ ਦੇ ਸਹਿਯੋਗ ਨਾਲ ਹੀ ਅੱਗੇ ਵਧੇਗਾ ਅਤੇ ਇਸਦੀ ਨੁਹਾਰ ਬਦਲਣ ਲਈ ਉਹ ਨਿਰੰਤਰ ਮਿਹਨਤ ਕਰ ਰਹੇ ਹਨ। ਅਰੁਨਾ ਚੌਧਰੀ ਨੇ ਕਿਹਾ ਕਿ ਜੇਕਰ ਇਸੇ ਤਰ੍ਹਾਂ ਪੂਰੇ ਇਲਾਕੇ ਦਾ ਪਿਆਰ ਮਿਲਦਾ ਰਿਹਾ ਅਤੇ 2022 ਦੀਆਂ ਚੋਣਾਂ ’ਚ ਲੋਕਾਂ ਨੇ ਉਨ੍ਹਾਂ ’ਤੇ ਦੁਬਾਰਾ ਭਰੋਸਾ ਜਤਾਇਆ ਤਾਂ ਉਹ ਅਗਲੇ ਪੰਜ ਸਾਲਾਂ ’ਚ ਵਿਕਾਸ ਪੱਖੋਂ ਦੀਨਾਨਗਰ ਦਾ ਨਕਸ਼ਾ ਬਦਲ ਦੇਣਗੇ। ਜਿਸਦਾ ਫ਼ਾਇਦਾ ਪੂਰੇ ਇਲਾਕੇ ਦੇ ਲੋਕਾਂ ਨੂੰ ਹੋਵੇਗਾ। ਇਸ ਦੌਰਾਨ ਕਾਂਗਰਸ ਪਾਰਟੀ ਚ ਸ਼ਾਮਿਲ ਹੋਣ ਵਾਲਿਆਂ ਨੇ ਭਰੋਸਾ ਦਿੱਤਾ ਕਿ ਕਾਂਗਰਸ ਨਾਲ ਜੁੜੇ ਸਾਰੇ ਪਰਿਵਾਰ ਹੁਣ ਮੈਡਮ ਅਰੁਨਾ ਚੌਧਰੀ ਦੀ ਕਾਮਯਾਬੀ ਲਈ ਕੰਮ ਕਰਨਗੇ। ਇਸ ਮੌਕੇ ਕਾਂਗਰਸ ’ਚ ਸ਼ਾਮਲ ਹੋਣ ਵਾਲੇ ਭਾਜਪਾ ਪਰਿਵਾਰਾਂ ’ਚ ਬੰਟੀ ਮਹਾਜਨ ਕਰਿਆਨਾ ਵਾਲੇ, ਕ੍ਰਿਸ਼ਨ ਕੁਮਾਰ, ਪ੍ਰਭਹਾਸ਼ ਮਹਿਰਾ, ਸੁਭਾਸ਼ ਮਹਿਰਾ, ਅਮਰੀਕ ਸਿੰਘ, ਰਿੰਕੂ ਮਹਿਰਾ, ਫ਼ਕੀਰ ਚੰਦ ਫ਼ਕੀਰਾ, ਪੱਪੂ ਅਤੇ ਕਮਲ ਤੋਂ ਇਲਾਵਾ ਵਾਰਡ ਨੰਬਰ-2 ਤੋਂ ਸ਼੍ਰੋਮਣੀ ਅਕਾਲੀ ਦਲ ਦੀ ਟਿਕਟ ’ਤੇ ਨਗਰ ਕੌਂਸਲ ਚੋਣ ਵਾਲੇ ਵੈਂਕਟੇਸ਼ਵਰ ਮਹਾਜਨ ਦੇ ਨਾਂ ਪ੍ਰਮੁੱਖ ਹਨ। ਇਨ੍ਹਾਂ ਤੋਂ ਇਲਾਵਾ ਆਸਪਾਸ ਦੇ ਪਿੰਡਾਂ ਤੋਂ ਵੱਡੀ ਗਿਣਤੀ ਨੌਜਵਾਨ ਸ਼ਾਮਲ ਹੋਏ।

# ਕਰੋਨਾ ਦਾ ਪ੍ਰਕੋਪ ਸਾਰੇ ਸੰਸਾਰ ਵਿੱਚ ਫੈਲਿਆ ਹੋਇਆ ਅਤੇ ਭਾਰਤ ਵਿੱਚ ਵੀ ਆਇਆ ਹੈ ਕੋਵਿਡ ਟੀਕਾਕਰਨ ਕਰਵਾਉਣ ਅਤੇ ਇਸ ਬਿਮਾਰੀ ਤੋਂ ਬਚੋ



**ਪਟਿਆਲਾ/ਜਗਦੀਸ ਰਾਈਕਾ**

ਲੋਕ ਦਿਨੋਦਿਨ ਟੀਕਾ ਲਗਾਉਣ ਲਈ ਜਾਗਰੂਕ ਹੋਏ ਹਨ, ਸਰਕਾਰ ਵਲੋਂ ਅਤੇ ਪ੍ਰਸ਼ਾਸ਼ਨ ਵਲੋਂ ਟੀਕਾਕਰਨ ਲਈ ਜਾਗਰੂਕ ਕੀਤਾ ਜਾ ਰਿਹਾ ਹੈ ।ਪਟਿਆਲਾ ਸ਼ੋਸ਼ਲ ਵੈਲਫੇਅਰ ਸੋਸਾਇਟੀ ਵਲੋਂ ਸਿਹਤ ਵਿਭਾਗ ਦੇ ਨਾਲ ਮਿਲਕੇ ਅਨਾਜ ਮੰਡੀ ਨਾਭਾ ਗੇਟ ਵਿਖੇ ਕੋਵਿਡ ਟੀਕਾਕਰਨ ਲਗਾਇਆ ਗਿਆ। ਇਸ ਕੈਂਪ ਦਾ ਉਦਘਾਟਨ ਸ੍ਰੀਮਤੀ ਲਾਜਵੰਤੀ ਪਦਮ ਸ੍ਰੀ ਨੇ ਆਪ ਟੀਕਾ ਲਗਵਾ ਕੇ ਕੈਂਪ ਦਾ ਉਦਘਾਟਨ ਕੀਤਾ। ਉਹਨਾਂ ਦੇ ਨਾਲ ਰਾਵਿੰਦਰ ਕੁਮਾਰ ਵੀ ਨਾਲ ਸਨ। ਉਹਨਾਂ ਨੇ ਵੀ ਲੋਕਾਂ ਨੂੰ ਅਪੀਲ ਕੀਤੀ ਕਿ ਕਰੋਨਾ ਕਾਲ ਦੇ ਅੰਦਰ ਡਾਕਟਰਾਂ, ਨਰਸਾਂ, ਪੈਰਾ ਮੈਡੀਕਲ ਸਟਾਫ, ਪੱਤਰਕਾਰਾਂ, ਕੈਮਿਸਟਾਂ, ਪ੍ਰਸਾਸਨਿਕ ਅਧਿਕਾਰੀਆਂ ਨੇ ਇਸ ਬਿਮਾਰੀ ਨੂੰ ਦੂਰ ਕਰਨ ਲਈ ਕੋਸ਼ਿਸ਼ ਕੀਤੀ ਹੈ ਸਾਡਾ ਵੀ ਫਰਜ ਹੈ ਕਿ ਅਸੀਂ ਵੀ ਆਪਣਾ ਫਰਜ ਨਿਭਾਈਏ। ਵਿਜੇ ਕੁਮਾਰ ਗੋਇਲ ਪ੍ਰਧਾਨ ਪਟਿਆਲਾ ਸੋਸਲ ਵੈਲਫੇਅਰ ਸੋਸਾਇਟੀ ਨੇ ਕਿਹਾ ਕਿ ਸੋਸਾਇਟੀ ਕੋਵਿਡ 19 ਲਈ ਲੋਕਾਂ ਨੂੰ ਬਚਾਉਣ ਲਈ ਟੀਕਾਕਰਨ ਕਰਵਾਇਆ ਜਾ ਰਿਹਾ ਹੈ। ਅੱਜ ਵੀ ਅਨਾਜ ਮੰਡੀ ਨਾਭਾ ਗੇਟ ਵਿਖੇ ਕੈਂਪ ਵਿੱਚ 225 ਵਿਅਕਤੀਆਂ ਦਾ ਟੀਕਾਕਰਨ ਕੀਤਾ ਗਿਆ। ਉਹਨਾਂ ਵੱਲੋਂ ਲੋਕਾਂ ਨੂੰ ਮਾਸਕ ਪਾਉਣ, ਹੱਥ ਸਾਫ ਕਰਨ ਲਈ ਅਤੇ ਦੂਰੀ ਬਣਾਕੇ ਰੱਖਣ ਲਈ ਲੋਕਾਂ ਨੂੰ ਅਪੀਲ ਕੀਤੀ ਜਿੱਥੇ ਸਰਕਾਰ ਪ੍ਰਸ਼ਾਸ਼ਨ ਵਲੋਂ ਕੋਸ਼ਿਸ਼ ਕੀਤੀ ਗਈ ਹੈ ਅਸੀਂ ਵੀ ਸਹਿਯੋਗ ਕਰੀਏ, ਡਾ. ਵਿਜੈ ਸਿੰਗਲਾ ਪ੍ਰਧਾਨ ਲਾਇਨਜ਼ ਕਲੱਬ ਪ੍ਰੀਮੀਅਰ, ਸ੍ਰੀ ਮਲਕੀਅਤ ਸਿੰਘ ਸਿੱਧੂ, ਅਮਿਤ ਕੁਮਾਰ ਗੋਇਲ ਅਤੇ ਸ੍ਰੀ ਅਰਵਿੰਦ ਅਗਰਵਾਲ ਹਾਜਰ ਸਨ । ਡਾ. ਸੈਲੇਂਦਰ ਵਰਮਾ ਸੁਪਰਵਾਇਜਰ ਦੀ ਦੇਖ ਰੇਖ ਵਿੱਚ ਇਹ ਕੈਂਪ ਲਗਾਇਆ ਗਿਆ।

# ਪਿੰਡ ਸਲੇਮਪੁਰ ਸੇਖਾਂ ਵਿਖੇ ਸਰਪੰਚ ਨੇ ਕੀਤੀ ਪਿੰਡ ਵਾਸੀਆਂ ਨਾਲ ਮੀਟਿੰਗ



**ਘਨੌਰ/ਸਰਦਾਰਾ ਸਿੰਘ ਲਾਛੜੂ**

ਅੱਜ ਪਿੰਡ ਸਲੇਮਪੁਰ ਸੇਖਾਂ ਵਿਖੇ ਸਰਪੰਚ ਦਲਜੀਤ ਕੌਰ ਪਤੀ ਪ੍ਰੇਮ ਸਿੰਘ ਭੰਗੂ ਨੇ ਪਿੰਡ ਵਾਸੀਆਂ ਨਾਲ ਇੱਕ ਮੀਟਿੰਗ ਕੀਤੀ। ਇਸ ਮੀਟਿੰਗ ਵਿਚ ਉਨ੍ਹਾਂ ਪਿੰਡ ਵਿਚ ਹੋ ਰਹੇ ਵਿਕਾਸ ਕਾਰਜਾਂ ਬਾਰੇ ਵਿਚਾਰ ਵਟਾਂਦਰਾ ਕੀਤਾ। ਇਸ ਮੌਕੇ ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਰਪੰਚ ਦਲਜੀਤ ਕੌਰ ਨੇ ਕਿਹਾ ਕਿ ਸਾਡੇ ਪਿੰਡ ਵਿੱਚ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਸਰਕਾਰ ਅਤੇ ਹਲਕਾ ਵਿਧਾਇਕ ਮਦਨ ਲਾਲ ਜਲਾਲਪੁਰ ਦੇ ਯਤਨਾਂ ਸਦਕਾ ਪਿੰਡ ਦਾ ਜੋ ਵਿਕਾਸ ਹੋਇਆ ਹੈ ਉਹ ਪਿਛਲੇ ਸੱਤਰ ਸਾਲਾਂ ਵਿਚ ਨਹੀਂ ਹੋਇਆ। ਉਨ੍ਹਾਂ ਕਿਹਾ ਕਿ ਪਿੰਡ ਦੀਆਂ ਸਾਰੀਆਂ ਗਲੀਆਂ ਨਾਲੀਆਂ ਪੱਕੀਆਂ ਹੋਈਆਂ ਹਨ। ਪਿੰਡ ਦੇ ਸਮਸਾਨਘਾਟਾਂ ਨੂੰ ਪੱਕੇ ਰਸਤੇ ਕਰਵਾਏ ਹਨ। ਇਸ ਤੋਂ ਇਲਾਵਾ ਹੋਰ ਵੀ ਜੋ ਪਿੰਡ ਵਿਚ ਕੰਮ ਅਧੂਰੇ ਪਏ ਨੇ ਓਨਾ ਨੂੰ ਜਲਦ ਹੀ ਪੂਰਾ ਕੀਤਾ ਜਾਵੇਗਾ ਅਤੇ ਪਿੰਡ ਸਲੇਮਪੁਰ ਸੇਖਾਂ ਨੂੰ ਵਿਕਾਸ ਕਾਰਜਾਂ ਪੱਖੋਂ ਪਹਿਲੇ ਨੰਬਰ ਤੇ ਲੈਕੇ ਆਓਣਾ ਹੀ ਓਹਨਾ ਦਾ ਮੁੱਖ ਟੀਚਾ ਹੈ। ਇਸ ਮੌਕੇ ਤੇ ਇੰਸਪੈਕਟਰ ਪ੍ਰੇਮ ਸਿੰਘ ਭੰਗੂ ਨੇ ਪਿੰਡ ਦੇ ਨੌਜਵਾਨਾਂ ਨੂੰ ਨਸਿਆਂ ਤੋਂ ਬਚਣ ਲਈ ਪ੍ਰੇਰਿਤ ਕੀਤਾ ਅਤੇ ਉਹਨਾਂ ਲੋਕਾਂ ਨੂੰ ਕਿਹਾ ਕਿ ਭਾਵੇਂ ਇਕ ਡੰਗ ਭੁੱਖਾ ਰਹਿ ਲਵੋ ਪਰ ਆਪਣੇ ਬੱਚਿਆਂ ਨੂੰ ਜਰੂਰ ਪੜਾਓ। ਕਿਓਂਕਿ ਅੱਜ ਦੇ ਸਮੇਂ ਵਿੱਚ ਪੜਾਈ ਤੋ ਬਿਨਾ ਮਨੁੱਖ ਅੰਨਾ ਹੈ।ਇਸ ਮੌਕੇ ਤੇ ਸਤਨਾਮ ਸਿੰਘ ਪੰਚ, ਬਲਦੇਵ ਸਿੰਘ ਪੰਚ, ਮੋਹਨ ਸਿੰਘ ਪੰਚ, ਸੁਰਜੀਤ ਸਿੰਘ ਪੰਚ, ਗੁਰਮੇਲ ਕੌਰ ਪੰਚ, ਮੁਖਤਿਆਰ ਸਿੰਘ ਸੋਨੂੰ ਯੂਥ ਆਗੂ,ਭੋਲਾ ਸਿੰਘ ਪ੍ਰੇਮੀ,ਵਿਸਾਖੀ ਵਿੱਚ, ਹਰਮੇਲ ਸਿੰਘ ਪ੍ਰਧਾਨ ਐਸ ਜੀ ਪੀਸੀ, ਸੁਖਚੈਨ ਸਿੰਘ,ਰਾਮ ਸਿੰਘ,ਕਾਲਾ ਸਿੰਘ, ਗੁਰਦਿੱਤਾ ਸਿੰਘ, ਜਸਵੀਰ ਕੌਰ ਉਰਫ ਗੁੱਡਾ, ਮਨਪ੍ਰੀਤ ਕੌਰ, ਅਮਰਜੀਤ ਕੌਰ,ਰਾਜੂ,ਪ੍ਰੇਮ ਸਿੰਘ, ਜੱਗੀ ਸਿੰਘ, ਹਰਮਨਜੋਤ ਸਿੰਘ, ਕਰਨੈਲ ਸਿੰਘ, ਕਰਨੈਲ ਸਿੰਘ ਸਾਬਕਾ ਸਰਪੰਚ, ਅਵਤਾਰ ਸਿੰਘ, ਜਸਵੰਤ ਸਿੰਘ,ਪ੍ਰਿਸ,ਮੰਗਲ ਸਿੰਘ,ਨਿੱਕਾ,ਅਤਿੰਦਰਪਾਲ ਸਿੰਘ,ਗੁਰਿੰਦਰ ਸਿੰਘ ਮਿੰਟੂ,ਜਗਤਾਰ ਸਿੰਘ,ਮਨਜੀਤ ਸਿੰਘ,ਛਿੰਦਾ, ਵਿਜੈ, ਗੁਰਮੇਲ ਸਿੰਘ ਭੰਗੂ, ਗੁਰਦੇਵ ਸਿੰਘ ਦੇਬੀ, ਅਤੇ ਹੋਰ ਵੀ ਪਿੰਡ ਵਾਸੀ ਮੌਜੂਦ ਸਨ।



# ਠੇਕਾ ਮੁਲਾਜਮਾਂ ਦਾ ਪੱਕਾ ਮੋਰਚਾ ਲਗਾਤਾਰ ਦੂਜੇ ਦਿਨ ਵੀ ਜਾਰੀ

## ਠੇਕਾ ਮੁਲਾਜ਼ਮਾਂ ਨੂੰ ਰੈਗੂਲਰ ਕਰਵਾਉਣ ਤੱਕ ਪੱਕਾ ਮੋਰਚਾ ਰਹੇਗਾ ਜਾਰੀ : ਮੋਰਚਾ ਆਗੂ

**ਪਟਿਆਲਾ/ਜਗਦੀਸ ਰਾਇਕਾ**

ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ (ਪੰਜਾਬ) ਦੇ ਬੈਨਰ ਹੇਠ ਵਿਭਾਗਾਂ ਦੇ ਠੇਕਾ ਮੁਲਾਜ਼ਮਾਂ ਵੱਲੋਂ ਸਮੂਹ ਵਿਭਾਗਾਂ ਦੇ ਹਰ ਤਰਾਂ ਦੇ ਠੇਕਾ ਮੁਲਾਜ਼ਮਾਂ ਨੂੰ ਰੈਗੂਲਰ ਕਰਨ ਦੀ ਮੰਗ ਨੂੰ ਲੈਕੇ ਠੀਕਰੀ ਵਾਲਾ ਚੌਂਕ ਵਿੱਚ ਪਰਿਵਾਰਾਂ ਅਤੇ ਬੱਚਿਆਂ ਸਮੇਤ ਲੱਗਿਆ ਪੱਕਾ ਮੋਰਚਾ ਅੱਜ ਦੂਸਰੇ ਦਿਨ ਵੀ ਲਗਾਤਾਰ ਜਾਰੀ ਰਿਹਾ,ਦੂਸਰੇ ਦਿਨ ਦੀ ਭਰਵੀਂ ਇਕੱਤਰਤਾ ਨੂੰ ਸੰਬੋਧਨ ਕਰਦਿਆਂ ਮੋਰਚੇ ਦੇ ਸੂਬਾਈ ਆਗੂ ਜਗਰੂਪ ਸਿੰਘ,ਵਰਿੰਦਰ ਸਿੰਘ ਮੋਮੀ,ਬਲਿਹਾਰ ਸਿੰਘ, ਗੁਰਵਿੰਦਰ ਸਿੰਘ ਪੰਨੂੰ,ਸ਼ੇਰ ਸਿੰਘ ਖੰਨਾ,ਵਰਿੰਦਰ ਸਿੰਘ ਬੀਬੀਵਾਲਾ ਨੇ ਕੈਪਟਨ ਸਰਕਾਰ ਤੇ ਦੋਸ਼ ਲਾਉਂਦਿਆਂ ਕਿਹਾ ਕਿ ਸਰਕਾਰ ਸਮੂਹ ਵਿਭਾਗਾਂ ਦੇ ਹਰ ਤਰਾਂ ਦੇ ਠੇਕਾ ਮੁਲਾਜਮਾਂ ਨੂੰ ਰੈਗੂਲਰ ਕਰਨ ਦਾ ਵਾਅਦਾ ਕਰਕੇ ਸੱਤਾ ਵਿੱਚ ਆਈ ਸੀ ਪਰ ਤ੍ਰਾਂਸਦੀ ਇਹ ਹੈ ਕਿ ਕੈਪਟਨ ਸਰਕਾਰ ਨੇ ਆਪਣੇ ਸਾਢੇ ਚਾਰ ਸਾਲਾਂ ਦੇ ਕਾਰਜ਼ਕਾਲ ਵਿੱਚ ਠੇਕਾ ਮੁਲਾਜਮਾਂ ਨੂੰ ਪੱਕਾ ਕਰਨ ਦੀ ਥਾਂ ਤੇ ਕੇਂਦਰ ਸਰਕਾਰ ਦੀਆਂ ਕਾਰੋਪਰੇਟ ਪੱਖੀ ਨੀਤੀਆਂ ਨੂੰ ਲਾਗੂ ਕਰਦੇ ਹੋਏ ਸਮੂਹ ਸਰਕਾਰੀ ਵਿਭਾਗਾਂ ਤੇ ਨਿੱਜੀਕਰਨ ਦਾ ਹੱਲਾ ਵਿੱਢਿਆ ਹੋਇਆ ਹੈ ਅਤੇ ਵਿਭਾਗਾਂ ਦੇ ਪੁਨਰਗਠਨ ਦੇ ਨਾਮ ਤੇ ਇੱਕ ਲੱਖ ਦੇ ਕਰੀਬ ਅਸਾਮੀਆਂ ਦਾ ਖਾਤਮਾ ਕਰ ਦਿੱਤਾ ਹੈ ਅਤੇ ਸਰਕਾਰ ਖਜ਼ਾਨਾ ਖਾਲੀ ਹੋਣ ਅਤੇ ਕਾਨੂੰਨੀ ਅੜਚਨਾਂ ਦਾ ਬਹਾਨਾ ਬਣਾਕੇ ਠੇਕਾ ਮੁਲਾਜਮਾਂ ਨੂੰ ਪੱਕਾ ਕਰਨ ਦੇ ਵਾਅਦੇ ਤੋਂ ਲਗਾਤਾਰ ਤੋਂ ਭੱਜ ਰਹੀ ਹੈ ਆਗੂਆਂ ਨੇ ਕਿਹਾ ਕਿ ਕੈਪਟਨ ਸਰਕਾਰ ਵੱਲੋਂ ਵਿਭਾਗਾਂ ਵਿੱਚ ਸਿੱਧੇ ਠੇਕੇ ਤੇ ਭਰਤੀ ਬਹੁਤ ਹੀ ਸੀਮਿਤ ਠੇਕਾ ਮੁਲਾਜਮਾਂ ਨੂੰ ਰੈਗੂਲਰ ਕਰਨ ਦੀ ਗੱਲ ਕੀਤੀ ਜਾ ਰਹੀ ਹੈ ਜਦੋਂ ਕਿ ਸਰਕਾਰੀ ਵਿਭਾਗਾਂ ਜਿਵੇਂ ਕਿ ਸਰਕਾਰੀ ਥਰਮਲਾਂ,ਜਲ ਸਪਲਾਈ ਅਤੇ ਸੈਨੀਟੇਸ਼ਨ,ਪਾਵਰਕਾਮ ਜ਼ੋਨ ਬਠਿੰਡਾ,ਪਾਵਰਕਾਮ ਅਤੇ ਟ੍ਰਾਂਸਕੋ,ਮਗਨਰੇਗਾ,ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ,ਬੀ.ਓ.ਸੀ.(ਕਿਰਤ ਵਿਭਾਗ) ਪਨਬਸ ਰੋਡਵੇਜ਼,ਪੀ.ਆਰ.ਟੀ.ਸੀ.,ਆਦਰਸ਼ ਸਕੂਲ ਆਦਿ ਵਿਭਾਗਾਂ ਵਿੱਚ ਠੇਕਾ ਪ੍ਰਣਾਲੀ ,ਆਊਟਸੋਰਸਿੰਗ ,ਇਨਲਿਸਟਮੈਂਟ,ਕੰਪਨੀਆਂ ਆਦਿ ਹੋਰ ਸਮੂਹ ਕੈਟਾਗਿਰੀਆਂ ਰਾਹੀਂ ਲੱਖ-ਸਵਾ ਲੱਖ ਠੇਕਾ ਮੁਲਾਜਮ ਪਿਛਲੇ ਲੰਬੇ ਅਰਸ਼ੇ ਤੋਂ ਲਗਾਤਾਰ ਠੇਕਾ ਪ੍ਰਣਾਲੀ ਦੀ ਚੱਕੀ ਵਿੱਚ ਪਿਸ਼ ਰਹੇ ਹਨ ਬੱਚਿਆਂ ਸਮੇਤ ਠੀਕਰੀ ਵਾਲਾ ਚੌਂਕ ਨੂੰ ਮੁਕੰਮਲ ਜਾਮ ਕਰਕੇ ਪੱਕਾ ਮੋਰਚਾ ਲਾਇਆ ਹੋਇਆ ਹੈ ਅੱਜ ਠੇਕਾ ਮੁਲਾਜ਼ਮਾਂ ਵੱਲੋਂ ਵੱਡੀ ਗਿਣਤੀ ਵਿੱਚ ਸ਼ਹਿਰ ਵਿੱਚ ਮਾਰਚ ਕਰਦੇ ਹੋਏ ਪਾਵਰਕਾਮ ਦੇ ਸੀ.ਐੱਚ.ਵੀ.ਠੇਕਾ ਦੀਆਂ ਪਾਵਰਕਾਮ ਮੈਨੇਜਮੈਂਟ ਵੱਲੋਂ ਕੀਤੀਆਂ ਜਾ ਰਹੀਆਂ ਛਾਂਟੀਆਂ ਨੂੰ ਰੋਕਣ ਲਈ ਪਾਵਰਕਾਮ ਮੈਨੇਜਮੈਂਟ ਨੂੰ ਮੰਗ ਪੱਤਰ ਦਿੱਤਾ ਗਿਆ,ਮੋਰਚੇ ਦੇ ਸੂਬਾਈ ਆਗੂਆਂ ਨੇ ਕੈਪਟਨ ਸਰਕਾਰ ਤੋਂ ਮੰਗ ਕੀਤੀ ਕਿ ਸਮੂਹ ਸਰਕਾਰੀ ਵਿਭਾਗਾਂ ਵਿੱਚ ਠੇਕਾ ਪ੍ਰਣਾਲੀ, ਆਊਟਸੋਰਸਿੰਗ, ਇਨਲਿਸਟਮੈਂਟ,ਕੰਪਨੀਆਂ ਆਦਿ ਹੋਰ ਸਮੂਹ ਕੈਟਾਗਿਰੀਆਂ ਦੇ ਠੇਕਾ ਮੁਲਾਜਮਾਂ ਨੂੰ ਵਿਭਾਗਾਂ ਵਿੱਚ ਰੈਗੂਲਰ ਕੀਤਾ ਜਾਵੇ,ਨਵੇਂ ਬਣਾਏ ਜਾ ਰਹੇ "ਮੁਲਾਜ਼ਮ ਭਲਾਈ ਐਕਟ" ਵਿੱਚ ਠੇਕਾ ਮੁਲਾਜ਼ਮਾਂ ਦੀਆਂ ਸਮੂਹ ਕੈਟਾਗਿਰੀਆਂ ਨੂੰ ਸ਼ਾਮਿਲ ਕਰਕੇ ਐਕਟ ਲਾਗੂ ਕੀਤਾ ਜਾਵੇ,ਸਮੂਹ ਵਿਭਾਗਾਂ ਦੇ ਨਿੱਜੀਕਰਨ ਅਤੇ ਪੁਨਰਗਠਨ ਦੀ ਨੀਤੀ ਰੱਦ ਕੀਤੀ ਜਾਵੇ,ਇਸ ਸਮੇਂ ਬੀਕੇਯੂ ਏਕਤਾ ਉੱਗਰਾਹਾਂ ਤੋਂ ਜ਼ਿਲਾ ਪ੍ਰਧਾਨ ਮਨਜੀਤ ਸਿੰਘ ਨਿਆਲ,ਟੀ.ਐੱਸ.ਯੂ.(ਭੰਗਲ) ਸੂਬਾ ਪ੍ਰਧਾਨ ਭਰਭੂਰ ਸਿੰਘ ਅਤੇ ਸੀਨੀਅਰ ਮੀਤ ਪ੍ਰਧਾਨ ਰਛਪਾਲ ਸਿੰਘ ਗਰੇਵਾਲ,ਜਮਹੂਰੀ ਅਧਿਕਾਰ ਸਭਾ ਤੋਂ ਤਰਸੇਮ ਲਾਲ,ਡੇਮੋਕ੍ਰੇਟਿਵ ਲਾਇਰਜ਼ ਐਸੋਸੀਏਸ਼ਨ ਤੋਂ ਰਾਜੀਵ ਲੌਹਟ ਬੱਧੀ ਆਦਿ ਆਗੂਆਂ ਨੇ ਵੀ ਸੰਬੋਧਨ ਕੀਤਾ।

# ਮਾਨਯੋਗ ਮੁੱਖ ਮੰਤਰੀ ਪੰਜਾਬ ਦੀ ਟਰਾਂਸਪੋਰਟ ਦੇ ਕੱਚੇ ਕਾਮਿਆਂ ਨਾਲ ਹੋਈ ਅੱਜ ਦੀ ਮੀਟਿੰਗ ਰਹੀ ਬੇਸਿੱਟਾ

**ਮੋਗਾ/ਧਰਮਕੋਟ ਦਵਿੰਦਰ ਸਿੰਘ ਬਿੱਟੂ**



ਪੰਜਾਬ ਰੋਡਵੇਜ ਪੱਨਬੱਸ/ਪੀ ਆਰ ਟੀ ਸੀ ਕੰਟਰੈਕਟ ਵਰਕਰਜ ਯੁਨੀਅਨ ਪੰਜਾਬ ਦੀ ਅੱਜ ਦੀ ਮੀਟਿੰਗ ਬੇਸਿੱਟਾ ਰਹਿਣ ਕਾਰਨ ਮੁਲਾਜਮਾਂ ਦੇ ਵਿਚ ਬਹੁਤ ਜਿਆਦਾ ਰੋਸ ਪਾਇਆ ਜਾ ਰਿਹਾ ਹੈ ਇਸ ਮੀਟਿੰਗ ਲਈ ਹੀ ਅੱਜ ਤਕਰੀਬਨ ਸਾਰੇ ਸਹਿਰਾਂ ਵਿੱਚ ਰੋਸ ਮਾਰਚ ਕੱਢਿਆ ਗਿਆ ਇਸ ਤਰ੍ਹਾਂ ਮੋਗਾ ਡੀਪੂ ਦੇ ਸਾਰੇ ਵਰਕਰਾਂ ਵੱਲੋਂ ਵੀ ਰੋਸ ਮਾਰਚ ਕੱਢਿਆ ਜਿਸ ਵਿੱਚ ਸਾਰੇ ਸਹਿਰ ਵਿੱਚ ਲੋਕਾਂ ਨੂੰ ਜਾਗਰੂਕ ਕੀਤਾ ਗਿਆ ਅਤੇ ਪਬਲਿਕ ਕੋਲੋ ਆਪਣੀਆਂ ਸੇਵਾਵਾਂ ਨੂੰ ਪੱਕਿਆਂ ਕਰਵਾਉਣ ਲਈ ਮੱਦਦ ਦੀ ਮੰਗ ਕੀਤੀ ਅਤੇ ਨਾਲ ਹੀ ਅਗਲੇ ਸਘੰਰਸ ਬਾਰੇ ਵੀ ਜਾਣਕਾਰੀ ਦਿੱਤੀ ਕੇ ਕੱਲ ਮਿੱਤੀ 9 ਸਤੰਬਰ ਨੂੰ ਪੰਜਾਬ ਦੇ ਸਾਰੇ ਬੱਸ ਸਟੈਂਡ ਬੰਦ ਕੀਤੇ ਜਾਣਗੇ ਉਪਰੰਤ ਅਗਲੇ ਦਿੱਨ ਮੁੱਖ ਮੰਤਰੀ ਦੇ ਸਿੱਸਵਾ ਫਾਰਮ ਦਾ ਅਣਮਿਥੇ ਸਮੇਂ ਲਈ ਘਿਰਾਓ ਕੀਤਾ ਜਾਵੇਗਾ ਜਿੱਨੀ ਦੇਰ ਤੱਕ ਸਰਕਾਰ ਸਾਨੂੰ ਰੈਗੂਲਰ ਨਹੀਂ ਕਰਦੀ ਇਸ ਸਮੇਂ ਤੇ ਹਾਜਰ ਸਾਥੀ ਕਨਵੀਨਰ ਬਚਿੱਤਰ ਸਿੰਘ ਸੰਧਾ.ਚੇਅਰਮੈਨ ਟਹਿਲ ਸਿੰਘ.ਸੈਕਟਰੀ ਗੁਰਪ੍ਰੀਤ ਸਿੰਘ.ਸੀਨਿ:ਮੀਤ ਪ੍ਰਧਾਨ ਸੁਖਵਿੰਦਰ ਸਿੰਘ ਮਨਜੀਤ ਸਿੰਘ ਸੰਧੂ ਮਹਾਵੀਰ ਸਿੰਘ ਰਮਨਦੀਪ ਸਿੰਘ ਸੁਖਵਿੰਦਰ ਸਿੰਘ ਸਮਾਧ. ਲਖਵੀਰ ਸਿੰਘ ਢਿੱਲਵਾ.ਸੁਖਪਾਲ ਸਿੰਘ ਸਤਨਾਮ ਸਿੰਘ ਜਸਵੀਰ ਸਿੰਘ ਲਾਡੀ ਗੁਰਚਰਨ ਸਿੰਘ.ਨਿਰਮਲ ਸਿੰਘ ਹਾਜਰ ਸਨ।

# ਕੰਨਿਆ ਸਕੂਲ ਧਰਮਕੋਟ ਨੂੰ 10 ਪੱਖੇ ਦਾਨ



**ਧਰਮਕੋਟ/ਦਵਿੰਦਰ ਸਿੰਘ ਬਿੱਟੂ ਰਣਜੀਤ ਸਿੰਘ ਸੰਧੂ**

ਸੰਧੂ ਪਰਿਵਾਰ ਅਮਰੀਕਾ ਵਾਲਿਆਂ ਵੱਲੋਂ ਸਵਿੰਦਰ ਜੀਤ ਕੌਰ ਜੀ ਦੀ ਯਾਦ ਵਿਚ ਪਾਲ ਇਲੈਕਟ੍ਰੀਕਲਸ ਦੇ ਸਹਿਯੋਗ ਨਾਲ 10 ਪੱਖੇ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਧਰਮਕੋਟ (ਮੋਗਾ) ਨੂੰ ਭੇਟ ਕੀਤੇ ਗਏ। ਇਸ ਮੌਕੇ ਸਕੂਲ ਇੰਚਾਰਜ ਸ੍ਰੀਮਤੀ ਅਨੀਤਾ ਜੈਨ ਜੀ, ਸ੍ਰੀ ਨਰਿੰਦਰਪਾਲ ਸਿੰਘ ਗਿੱਲ ਜੀ, ਸ੍ਰੀ ਇੰਦਰਜੀਤ ਸਿੰਘ ਜੀ, ਸ੍ਰੀ ਗਗਨਦੀਪ ਸਿੰਘ ਜੀ, ਸ੍ਰੀ ਸੰਜੀਵ ਨਰੂਲਾ, ਸ੍ਰੀਮਤੀ ਰਾਕੇਸ ਕੁਮਾਰੀ ਜੀ ਅਤੇ ਸਮੁੱਚਾ ਸਟਾਫ ਹਾਜਰ ਸਨ। ਮੈਡਮ ਅਨੀਤਾ ਜੈਨ ਅਤੇ ਸਮੁੱਚੇ ਸਟਾਫ ਵੱਲੋਂ ਗਿੱਲ ਸਾਹਿਬ ਜੀ ਦਾ ਧੰਨਵਾਦ ਕੀਤਾ ਗਿਆ।

ਦੇਸ਼-ਵਿਦੇਸ਼ ਤੋਂ ਅਖ਼ਬਾਰ ਨੂੰ ਪੱਤਰਕਾਰ, ਲੇਖਕਾਂ ਦੀ ਲੋੜ ਹੈ ਚਾਹਵਾਨ
ਸੰਪਰਕ ਕਰਨ ਪਤਾ-ਲੋਕ ਬਾਣੀ ਸੰਗਮ ਕੰਪਲੈਕਸ,
ਮਿਲਾਪ ਚੌਕ ਜਲੰਧਰ 0181-2211009, 99155-94111